ੴ

# ਅੰਮ੍ਰਿਤ ਕੀਰਤਨ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

## ਮਰਦਾਨਾ ਬੋਲਦਾ ਹੈ

■ਡਾ. ਹਰਿਭਜਨ ਸਿੰਘ

ਮੇਰਾ ਨਾਨਕ ਇਕੱਲਾ ਰਹਿ ਗਿਆ ਹੈ
ਬਹੁਤ ਦਿਨ ਬੀਤ ਗਏ ਸੰਗਤ 'ਚ ਮਰਦਾਨਾ ਨਹੀਂ ਆਇਆ
ਮਰਦਾਨਾ ਗੁਰੂ ਦਾ ਯਾਰ ਸੀ
ਉਹਦੇ ਸਦਕਾ ਗੁਰੂ ਦੇ ਆਸੇ-ਪਾਸੇ ਦੋਸਤੀ ਦੀ ਮਹਿਕ ਸੀ
ਜਦੋਂ ਰੱਬਾਬ 'ਚੋਂ ਸਰਗਮ ਉਦੈ ਹੁੰਦੀ
ਗੁਰੂ ਦੇ ਬੋਲ ਸਵੇਰੀ ਪੌਣ ਵਾਂਗੂੰ ਜਾਗਦੇ ਸਨ
ਅੱਜ ਵੀ ਸੰਗਤ ਵਿਚ ਗੁਰੂ ਦੇ ਬੋਲ ਨੇ
ਪਰ ਸੁਰ ਨਹੀਂ ਹੈ
ਗੁਰੂ ਦਾ ਸ਼ਬਦ ਹੈ
ਪਰ ਅਰਥ ਗੁੰਮ ਹੋ ਗਿਆ ਹੈ
ਕੀਰਤਨ ਦੀ ਭੀੜ ਹੈ
ਸੰਗੀਤ ਦਾ ਚਿਹਰਾ ਨਹੀਂ ਦਿਸਦਾ ।
ਕਿਸੇ ਖੂੰਜੇ 'ਚ ਗੁੰਮ-ਸੁੰਮ ਪਈ ਰੱਬਾਬ
ਕਈ ਸਾਲਾਂ ਤੋਂ ਇਸ ਦੀ ਤਾਰ 'ਚੋਂ ਝਨਕਾਰ ਨਹੀਂ ਜਾਗੀ
ਕਿਸੇ ਆਸ਼ਕ ਦੀ ਮਹਿਰਮ ਛੋਹ ਬਿਨਾ
ਸਾਜ਼ 'ਚੋਂ ਸੁਰਤਾਲ ਦਾ ਜਾਦੂ ਨਹੀਂ ਉਗਦਾ
ਕੋਈ ਜਾਵੇ ਲਿਆਵੇ ਸਾਜ਼ ਦੇ ਮਹਿਰਮ ਨੂੰ ਪਾਰੋਂ ਮੋੜ ਕੇ
ਕਿਸੇ ਵੀ ਸਾਜ਼ ਬਿਨ
ਆਵਾਜ਼ ਦਾ ਕੁਝ ਭੇਤ ਨਹੀਂ ਪਾਇਆ
ਮੇਰਾ ਨਾਨਕ ਇਕੱਲਾ ਰਹਿ ਗਿਆ ਹੈ
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ ।
ਕਦੀ ਬਚਪਨ 'ਚ ਆਪਣੇ ਘਰ
ਮੈਂ ਇਕ ਤਸਵੀਰ ਵੇਖੀ ਸੀ
ਗੁਰੂ ਨਾਨਕ ਦੇ ਲਾਗੇ ਯਾਰ ਮਰਦਾਨਾ ਰਬਾਬੀ ਸੀ
ਮੈਨੂੰ ਤਸਵੀਰ ਵਿਚ ਦੁਨੀਆਂ ਦਾ ਸਾਰਾ ਅਰਥ ਦਿਸਦਾ ਸੀ
ਇਹ ਦੁਨੀਆਂ ਸੀ
ਮੇਰੇ ਬਚਪਨ ਜਿਹੀ ਸਾਦਾ ਕਿਸੇ ਮਿੱਤਰ ਜਿਹੀ ਨਿਰਛਲ
ਅਚਨਚੇਤੇ ਕਿਸੇ ਨਿਰਮੋਹੇ ਨੇ
ਮਰਦਾਨੇ ਨੂੰ ਤਸਵੀਰੋਂ ਅਲੱਗ ਕੀਤਾ
ਯਾ ਕਿ ਮਰਦਾਨਾ ਹੀ ਆਪੇ ਦੌੜ ਕੇ
ਤਸਵੀਰ ਵਿਚੋਂ ਨਿਕਲ ਤੁਰਿਆ
ਹੁਣ ਜਦੋਂ ਤਸਵੀਰ ਨੂੰ ਤਕਦਾ ਹਾਂ
ਜ਼ਿੰਦਗੀ ਦਾ ਨਿਘ ਤਨ 'ਚੋਂ ਖਿਸਕ ਜਾਂਦਾ ਹੈ
ਸੁਲਗਦੀ ਦੇਹੀ 'ਚੋਂ ਚਾਨਣ ਜਲਾਵਤਨ ਹੁੰਦੈ
ਦੋਸਤੀ ਵਕਤੀ ਜ਼ਰੂਰਤ ਤੋਂ ਬਿਨਾਂ ਕੁਝ ਵੀ ਨਹੀਂ, ਸ਼ਾਇਦ
ਸ਼ਾਇਰੀ-ਸੰਗੀਤ ਦਾ ਰਿਸ਼ਤਾ ਵੀ ਮਨ ਦਾ ਵਹਿਮ ਹੈ
ਜਿਹਨੂੰ ਚਾਨਣ ਸਮਝ ਆਪਣਾ ਕਿਹਾ
ਨਿਕਲੀ ਉਹੋ ਛਾਇਆ
ਮੇਰਾ ਨਾਨਕ ਇਕੱਲਾ ਰਹਿ ਗਿਆ ਹੈ
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ
ਦੂਰ ਮਰਦਾਨੇ ਦੀ ਨਗਰੀ 'ਚੋਂ
ਕਦੇ ਆਵਾਜ਼ ਆਉਂਦੀ ਏ
ਮੈਂ ਆਪਣੇ ਸ਼ਹਿਰ ਵਿਚ ਕੱਲਾ
ਮੈਨੂੰ ਨਾਨਕ ਨਹੀਂ ਮਿਲਦਾ
ਜਿਸ ਜਗ੍ਹਾ ਨਾਨਕ ਕਦੀ ਮੱਝੀਂ ਚਰਾਈਆਂ ਸਨ
ਓਸ ਥਾਵੇਂ ਆਦਮੀ ਦੀ ਫਸਲ, ਸਾਰੀ ਉਜੜ ਚੁੱਕੀ ਹੈ
ਕੌਣ ਇਸ ਖੇਤੀ ਨੂੰ ਮੁੜ ਹਰਿਆ ਕਰੇ ?
ਜਿਸ ਜਗ੍ਹਾ ਨਾਨਕ ਮੇਰੇ ਦੀਆਂ ਯਾਦਗਾਰਾਂ ਨੇ ਓਸ ਥਾਵੇਂ
ਕੌਣ ਉਸ ਨੂੰ ਯਾਦ ਕਰਦਾ ਹੈ ?
ਮੇਰੇ ਸੰਗੀਤ ਦੇ ਸੁਰ ਬੇਸੁਰੇ ਨੇ
ਮੈਂ ਆਪਣੇ ਸਫਰ ਵਿਚ ਹਰ ਥਾਂ ਬੇਤਾਲਾ ਹਾਂ
ਸਫਰ ਨੂੰ ਮੰਜ਼ਿਲ ਨਹੀਂ
ਪਿਆਸ ਲਈ ਪਾਣੀ ਨਹੀਂ
ਮੈਂ ਆਪਣੇ ਯਾਰ ਦੀ ਨਗਰੀ 'ਚ ਹੀ ਬੇਯਾਰ ਫਿਰਦਾ ਹਾਂ
ਭਟਕਣਾ ਦੇ ਦੇਸ਼ ਵਿਚ
ਅੱਕ-ਕੱਕੜੀਆਂ ਨੂੰ ਕੌਣ ਅਜ ਮਿੱਠਾ ਕਰੇ ?
ਕੋਈ ਆਖੇ ਮੇਰੇ ਨਾਨਕ ਨੂੰ
ਮੇਰੇ ਸ਼ਹਿਰ ਆਵੇ, ਆਪਣੇ ਸ਼ਹਿਰ ਆਵੇ
ਕੋਈ ਆਖੇ ਮੈਨੂੰ ਮੱਕੇ ਉਦਾਸੀ ਫੇਰ ਲੈ ਜਾਵੇ
ਕਿ ਮੈਂ ਤਈਆਰ ਹਾਂ
ਮੁੜ ਦੋਸਤੀ ਦੇ ਸਫਰ ਤੇ ਤੁਰ ਜਾਣ ਲਈ
ਸਿਰਫ ਤਸਵੀਰ ਵਿਚ ਬਹਿ ਜਾਣ ਦਾ
ਮੌਕਾ ਨਹੀਂ ਆਇਆ
ਮੇਰਾ ਨਾਨਕ ਇਕੱਲਾ ਰਹਿ ਗਿਆ ਹੈ ।
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ ।

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ ਮੁੱਲ : 10 ਰੁਪਏ ਫਰਵਰੀ 1997

ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.

ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੋਮਲ

ਸ. ਜੋਤਿੰਦਰ ਸਿੰਘ ਸੋਹਲ

ਸ. ਹਰਭਜਨ ਸਿੰਘ ਚੋਪੜਾ

ਪ੍ਰੋ. ਸਤਵਿੰਦਰ ਸਿੰਘ

ਸ. ਕੇ. ਐਸ. ਚੁਘ

ਚਿੱਤਰਕਾਰ

ਗੁਰਦੀਪ ਸਿੰਘ ਦੀਪ

ਸਰਪ੍ਰਸਤ

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051, ਸੈਕਟਰ 27 ਬੀ,
ਚੰਡੀਗੜ੍ਹ
ਫੋਨ-650696



# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 2 ਸਾਲ ਨੌਵਾਂ ਫਰਵਰੀ 1997



ਤਤਕਰਾ 1
ਮਿਤੁ ਅਸਾਡੜੇ ਸੇਈ 2
ਕਰਉ ਬੇਨੰਤੀਆਂ 3
ਬਚਨ ਕਰਕੇ
-ਬਲਵਿੰਦਰ ਸਿੰਘ 4
ਸਫਰਨਾਮਾਂ ਲਾਹੌਰ-ਡੇਰਾ ਸਾਹਿਬ
-ਡਾ. ਜੋਗਿੰਦਰ ਸਿੰਘ ਬਾਵਰਾ 6
ਪ੍ਰਸਿਧ ਸੰਗੀਤਕਾਰ ਪੰਡਤ ਵਿਨੈ ਚੰਦਰ ਮੁਅਦਗਿਲ
-ਡਾ. ਮਨਵਿੰਦਰ ਕੌਰ 10
ਕੀਰਤਨ
-ਹਰਬੰਸ ਕੌਰ (ਯੂ.ਕੇ.) 11
ਸਾਡੇ ਕੀਰਤਨੀਏ
-ਭਾਈ ਅਵਤਾਰ ਸਿੰਘ ਰਾਗੀ 12
ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ
ਛੇਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ-'96 13
ਪੁਸਤਕ ਪਰਿਚੈ
- ਪ੍ਰੋ. ਨਵ ਸੰਗੀਤ ਸਿੰਘ 15
ਸੁਰ ਅਤੇ ਉਹਨਾਂ ਦੇ ਪ੍ਰਕਾਰ
-ਪ੍ਰੋ. ਬਲਬੀਰ ਸਿੰਘ ਨੀਲਮ 17
ਤਾਲ-ਦਾਦਰਾ ਦੇ ਬੋਲ
-ਗੁਰਮੀਤ ਸਿੰਘ ਮਨਕਾਨ 18
ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ
-ਪ੍ਰੋ. ਸਾਹਿਬ ਸਿੰਘ 19
ਸੁਰ ਲਿਪੀ
-ਰਣਧੀਰ ਸਿੰਘ ਖਾਲਸਾ 20
ਸੁਰ ਲਿਪੀ
-ਕਰਨਬੀਰ ਕੌਰ 21
ਡਾਇਰੀ ਜੰਤਰੀ 24



ਚੰਦੇ ਦਾ ਵੇਰਵਾ :

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
45452

ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. |

■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

# ਮ੍ਰਿਤ ਅਸਾਡੜੇ ਸੇਈ



ਤੁਹਾਡੀ ਆਸਟ੍ਰੇਲੀਆ ਦੀ ਯਾਤਰਾ ਸਾਡੇ ਲਈ ਖਾਸ ਲਾਭਦਾਇਕ ਸਾਬਤ ਹੋਈ ਹੈ ਕਿ ਅੰਮ੍ਰਿਤ ਕੀਰਤਨ ਹਰ ਮਹੀਨੇ ਪੜ੍ਹਨ ਦਾ ਅਵਸਰ ਮਿਲ ਰਿਹਾ ਹੈ, ਬੜੇ ਰੌਚਕ ਲੇਖ ਤੇ ਲਾਹੇਵੰਦ ਚੀਜ਼ਾਂ ਪੜ੍ਹਨ ਨੂੰ ਮਿਲਦੀਆਂ ਹਨ, ਮੇਰੀ 14 ਸਾਲ ਦੀ ਬੇਟੀ ਬੜੀ ਖਾਹਿਸ਼ ਨਾਲ, ਅੰਮ੍ਰਿਤ ਕੀਰਤਨ ਵਿਚੋਂ ਪੜ੍ਹਵਾ ਕੇ ਸੁਣਦੀ ਹੈ, ਇਸਦਾ ਹਰ ਅੰਕ ਬੜੀ ਮਿਹਨਤ ਨਾਲ ਤਿਆਰ ਕੀਤਾ ਜਾਪਦਾ ਹੈ, ਅੰਮ੍ਰਿਤ ਕੀਰਤਨ ਦੇ ਸੰਪਾਦਕ ਤੇ ਸਹਿਯੋਗੀ ਵਧਾਈ ਦੇ ਹੱਕਦਾਰ ਹਨ। ਬਹੁਤ ਬਹੁਤ ਧੰਨਵਾਦ

**ਆਸਟ੍ਰੇਲੀਆ** — **ਅਮਰਜੀਤ ਕੌਰ ਪੰਨੂ**

'ਅੰਮ੍ਰਿਤ ਕੀਰਤਨ' ਸੰਗੀਤ ਅਤੇ ਕੀਰਤਨ ਪ੍ਰੇਮੀਆਂ ਲਈ ਖੋਜ ਭਰਪੂਰ ਰਸਾਲਾ ਹੈ। ਇਹ ਸਾਡੇ ਲਈ ਤਾਂ ਇੱਕ ਤੋਹਫਾ ਹੈ।

**ਮਲੋਟ** — **ਡਾ. ਪ੍ਰੇਮ ਸਿੰਘ ਖਾਲਸਾ**

'ਅੰਮ੍ਰਿਤ ਕੀਰਤਨ' ਕੀਰਤਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਵਧੀਆ ਮੈਗਜ਼ੀਨ ਹੈ। ਗੁਰੂ ਸਾਹਿਬਾਨ ਤੇ ਕੀਰਤਨੀਆਂ ਦੀਆਂ ਜੀਵਨੀਆਂ ਦੇ ਨਾਲ ਸੰਗੀਤ ਪੁਸਤਕਾਂ ਦੀ ਜਾਣ ਪਛਾਣ ਆਦਿ ਨਾਲ ਇਹ ਰਸਾਲਾ ਹੋਰ ਵੀ ਮਹੱਤਵਪੂਰਨ ਬਣ ਜਾਂਦਾ ਹੈ।

**ਜਵਾਹਰ ਨਗਰ, ਬੰਬਈ** — **ਪਰਮਜੀਤ ਕੌਰ**

'ਅੰਮ੍ਰਿਤ ਕੀਰਤਨ' ਪੜ੍ਹਿਆ। ਬੜਾ ਪਸੰਦ ਆਇਆ।

**ਅਨੰਦਪੁਰ ਸਾਹਿਬ** — **ਮਖਣ ਸਿੰਘ**

ਮੈਨੂੰ 'ਅੰਮ੍ਰਿਤ ਕੀਰਤਨ' ਵਿੱਚ ਦਿੱਤੀਆਂ ਸੁਰਲਿਪੀਆਂ ਬੜੀਆਂ ਚੰਗੀਆਂ ਲਗਦੀਆਂ ਹਨ। ਇਸ ਕਾਰਨ ਇਸ ਪਤ੍ਰਕਾ ਦਾ ਹਰ ਮਹੀਨੇ ਇੰਤਜ਼ਾਰ ਰਹਿੰਦਾ ਹੈ।

**ਪਟਨਾ** — **ਰਣਧੀਰ ਸਿੰਘ 'ਖਾਲਸਾ'**

'ਅੰਮ੍ਰਿਤ ਕੀਰਤਨ' ਸੰਗੀਤਕ ਮੈਗਜ਼ੀਨ ਹੋਣ ਦੇ ਨਾਲ ਨਾਲ ਪੁਸਤਕਾਂ ਦੇ ਰੀਵੀਊ ਅਤੇ ਭਾਵ ਪੂਰਤ ਲੇਖਾਂ ਤੋਂ ਜਾਣੂ ਕਰਾਉਂਦਾ ਹੈ। ਸਾਡਾ ਫਰਜ਼ ਬਣਦਾ ਹੈ ਕਿ ਇਸ ਦੇ ਵੱਧ ਤੋਂ ਵੱਧ ਮੈਂਬਰ ਬਣਾਈਏ।

**ਲੁਧਿਆਣਾ** — **ਕੁਲਵੰਤ ਕੌਰ**

'ਅੰਮ੍ਰਿਤ ਕੀਰਤਨ' ਗੁਰਬਾਣੀ ਸੰਗੀਤ ਦੀ ਜਾਣਕਾਰੀ ਦਿੰਦਾ ਹੈ। ਸ਼ਬਦਾਂ ਦੀਆਂ ਸੁਰ ਲਿਪੀਆਂ ਅਤੇ ਕੀਰਤਨੀਆਂ ਦੀਆਂ ਜੀਵਨੀਆਂ ਪ੍ਰੇਰਨਾ ਦਾਇਕ ਹੁੰਦੀਆਂ ਹਨ।

**ਨਾਭਾ** — **ਭਾਈ ਅਵਤਾਰ ਸਿੰਘ**

'Amrit Kirtan' is inspiring, interesting & educational, easy to follow and informative magazine. Your efforts will be blessed by Almighty and the Sangat.

**SOLAN** — **G.S. Bhalla**

ਜਨਵਰੀ 1997 ਦਾ 'ਕਰਉ ਬੇਨੰਤੀਆ' ਸਾਡੇ ਲਈ ਬੜੀ ਵੱਡੀ ਸਿੱਖਿਆ ਲੈ ਕੇ ਆਇਆ ਹੈ।

**ਮਲੋਟ** — **ਮੰਗਤ ਸਿੰਘ ਮਸਤਾਨਾ**

# ਕਰਉ ਬੇਨੰਤੀਆ

## ਐਸਾ ਕੀਰਤਨ ਕਰ ਮਨ ਮੇਰੇ

ਕਈ ਵਾਰ ਜਦੋਂ ਕੀਰਤਨ ਕਰਦੇ ਸੁਣਦੇ ਹਾਂ ਤਾਂ ਸੁਰ, ਤਾਲ, ਗੁਰਬਾਣੀ ਦਾ ਉਚਾਰਨ ਆਦਿ ਤਰੁਟੀ ਰਹਿਤ ਹੁੰਦਾ ਹੈ ਫਿਰ ਵੀ ਅਨੰਦ ਨਹੀਂ ਆਉਂਦਾ । ਕਈ ਵਿਦਵਾਨ ਸਰੋਤਿਆਂ ਨੂੰ ਇਸਦਾ ਕਾਰਨ ਪੁੱਛਦੇ ਰਹਿੰਦੇ ਹਾਂ । ਕੁਝ ਦਾ ਵਿਚਾਰ ਹੈ ਕਿ ਅਸਲ ਵਿੱਚ ਅਨੰਦ ਆਉਂਦਾ ਹੈ ਸ਼ਰਧਾ ਤੇ ਪ੍ਰੇਮ ਨਾਲ ਕੀਤੇ ਕੀਰਤਨ ਵਿੱਚੋਂ ।

ਕਈ ਕੀਰਤਨੀਏ ਜਿਹੜੇ ਕਲਾਸੀਕਲ ਦੇ ਮਾਹਿਰ ਹੁੰਦੇ ਹਨ, ਉਹ ਆਪਣੀ ਕਲਾ ਦਾ ਵਿਖਾਵਾ ਕਰਨ ਲੱਗ ਪੈਂਦੇ ਹਨ । ਉਹਨਾਂ ਨੂੰ ਆਪਣੀ ਕਲਾਕਾਰੀ ਦਾ ਹੰਕਾਰ ਹੁੰਦਾ ਹੈ । ਇਸ ਕਾਰਨ ਉਹਨਾਂ ਦੇ ਕੀਰਤਨ, ਵਿੱਚੋਂ "ਅਨੰਦ" ਗਾਇਬ ਹੋ ਜਾਂਦਾ ਹੈ ।

ਕਈ ਕੀਰਤਨੀਏ ਹਨ ਜਿਹੜੇ ਵਕਤੀ ਤੌਰ ਤੇ ਕੀਰਤਨੀਏ ਬਣ ਜਾਂਦੇ ਹਨ । ਉਹ ਮਜਬੂਰੀ ਵਸ ਕੀਰਤਨ ਕਰਦੇ ਹਨ । ਉਹਨਾਂ ਦੇ ਕੀਰਤਨ ਵਿੱਚੋਂ ਅਨੰਦ ਆ ਹੀ ਨਹੀਂ ਸਕਦਾ । ਹਾਂ ਜੇ ਕਿਤੇ ਕਿਸੇ ਕਾਰਨ ਉਹਨਾਂ ਦੇ ਮਨ ਵਿੱਚ ਨਿਮਰਤਾ ਆ ਜਾਵੇ ਤੇ ਅਰਦਾਸ ਭਾਵ ਨਾਲ ਕੀਰਤਨ ਕਰਨ ਤਾਂ ਕੀਰਤਨ ਵਿੱਚੋਂ ਅਨੰਦ ਆਉਣ ਦੀ ਸੰਭਾਵਨਾ ਬਣ ਜਾਂਦੀ ਹੈ । ਕੀਰਤਨੀਏ ਵਿੱਚ ਸੁਰ, ਲੈਅ, ਰਾਗ, ਤਾਲ, ਗੁਰਬਾਣੀ ਇਹ ਚੀਜ਼ਾਂ ਜ਼ਰੂਰੀ ਹਨ । ਜੇ ਕਿਸੇ ਨੇ ਕੀਰਤਨੀਆਂ ਬਣਨਾਂ ਹੈ ਤਾਂ ਉਹ ਸੁਰ ਦਾ ਰਿਆਜ਼ ਕਰੇ, ਆਪਣੀ ਆਵਾਜ਼ ਨੂੰ ਸਵਾਰੇ-ਮਾਂਜੇ । ਇਹ ਇਵੇਂ ਹੀ ਹੈ ਜਿਵੇਂ ਸ਼ਰਧਾ ਨਾਲ ਅਸੀਂ ਗੁਰਦੁਆਰਾ ਸਾਹਿਬ ਦੀ ਸਫਾਈ ਕਰਦੇ ਹਾਂ । ਅਸੀਂ ਚਾਹੁੰਦੇ ਹਾਂ ਕਿ ਗੁਰੂ ਦੇ ਅਰਪਣ ਅਸੀਂ ਵਧੀਆ ਤੋਂ ਵਧੀਆ ਚੀਜ਼ ਕਰੀਏ । ਇਸੇ ਤਰ੍ਹਾਂ ਅਸੀਂ ਆਪਣੀ ਆਵਾਜ਼ ਗੁਰੂ ਦੇ ਅਰਪਣ ਕਰਨੀ ਹੈ । ਕਈ ਆਵਾਜ਼ਾਂ ਜਮਾਂਦਰੂ ਹੀ ਸੁਰੀਲੀਆਂ ਹੁੰਦੀਆਂ ਹਨ ਅਤੇ ਕਈਆਂ ਨੂੰ ਰਿਆਜ਼ ਨਾਲ ਸੁਰ ਵਿੱਚ ਕੀਤਾ ਜਾ ਸਕਦਾ ਹੈ । ਗੁਰੂ ਦੇ ਅਰਪਣ ਕਰਨ ਵਾਲੀ ਆਵਾਜ਼ ਵੀ ਸੁਰੀਲੀ ਹੋਣੀ ਚਾਹੀਦੀ ਹੈ, ਬੇਸੁਰੀ ਨਹੀਂ । ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਸੁਰੀਲੀ ਆਵਾਜ਼ ਵੀ ਰਿਆਜ਼ ਤੋਂ ਬਿਨਾਂ ਬੇਸੁਰੀ ਹੋ ਜਾਂਦੀ ਹੈ । ਸਿਆਣੇ ਆਖਦੇ ਹਨ ਕਿ ਖੋਤਾ ਘੋੜਾ ਨਹੀਂ ਬਣ ਸਕਦਾ ਪਰ ਜੇ ਘੋੜੇ ਨੂੰ ਰੋਜ਼ਾਨਾ ਦੌੜਾਇਆ ਨਾ ਜਾਵੇ ਤਾਂ ਉਹ ਖੋਤਾ, ਜ਼ਰੂਰ ਬਣ ਜਾਂਦਾ ਹੈ ।

ਕੀਰਤਨੀਏ ਦੀ ਸ਼ਰਧਾ ਦਾ ਇੱਥੋਂ ਵੀ ਪਤਾ ਲਗਦਾ ਹੈ ਕਿ ਉਸ ਦੀ ਆਵਾਜ਼ ਕਿਤਨੀ ਰਿਆਜ਼ੀ ਹੈ । ਉਸ ਨੇ ਗੁਰੂ ਦੇ ਅਰਪਣ ਕਰਨ ਲਈ ਕਿਹੜੇ ਰਾਗਾਂ ਤਾਲਾਂ ਦੀ ਸਿੱਖਿਆ ਪ੍ਰਾਪਤ ਕੀਤੀ ਹੈ ਅਤੇ ਫਿਰ ਉਸ ਨੇ ਗੁਰਬਾਣੀ ਦਾ ਉਚਾਰਨ ਸ਼ੁਧ ਕਰਨ, ਗੁਰਬਾਣੀ ਕੰਠ ਕਰਨ ਵਿੱਚ ਕਿਤਨਾਂ ਸਮਾਂ ਲਗਾਇਆ ਹੈ । ਇਹ ਸਾਰੀਆ ਗੱਲਾਂ ਸ਼ਰਧਾ ਦੀਆਂ ਹਨ । ਅੱਜਕੱਲ ਇਹ ਅਕਸਰ ਸੁਣਦੇ ਹਾਂ - "ਅਸੀਂ ਤਾਂ ਜੀ ਕੀਰਤਨ ਕਿਤੋਂ ਨਹੀਂ ਸਿੱਖਿਆ, ਬੱਸ ਨਿਸ਼ਕਾਮ ਕੀਰਤਨ ਕਰਦੇ ਹਾਂ । ਸਾਡੇ ਵਿੱਚ ਸ਼ਰਧਾ ਹੈ ।" ਇਸ ਸ਼ਰਧਾ ਦਾ ਪਤਾ ਕਿਥੋਂ ਲਗਦਾ ਹੈ ? ਰਿਆਜ਼ ਤੋਂ, ਨਾ ਕਿ ਮਾਇਆ ਦੇ ਨਾ ਲੈਣ ਦੇਣ ਤੋਂ । ਹਾਂ ਜਦੋਂ ਕੋਈ ਕੀਰਤਨੀਆ ਕੇਵਲ ਮਾਇਆ ਲਈ ਕੀਰਤਨ ਕਰਦਾ ਹੈ ਤਾਂ ਉਸ ਦੇ ਕੀਰਤਨ ਵਿਚੋਂ ਵੀ ਅਨੰਦ ਗਾਇਬ ਹੋ ਜਾਂਦਾ ਹੈ ।

ਕੀਰਤਨ ਦਾ ਅਨੰਦ ਸਮਾਗਮਾਂ ਤੇ ਵੀ ਨਿਰਭਰ ਕਰਦਾ ਹੈ । ਕੋਈ ਵਿਅਕਤੀ ਜਿਸ ਨੇ ਕੀਰਤਨ-ਸਮਾਗਮ ਰਚਿਆ ਹੈ ਉਸ ਦੇ ਮਨ ਦੀ ਕੀ ਭਾਵਨਾ ਹੈ । ਜੇ ਤਾਂ ਨਿਰੋਲ ਸ਼ਰਧਾ ਹੈ,ਸੰਗਤਾਂ ਦੀ ਖੁਸ਼ੀ ਲੈਣ ਲਈ ਹੈ ਤਾਂ ਅਨੰਦ ਆਵੇਗਾ । ਜੇ ਵਿਖਾਵਾ ਹੈ- ਜਿਵੇਂ ਕਿ ਅਕਸਰ ਵੱਡੇ ਵੱਡੇ ਸ਼ਾਮਿਆਨਿਆਂ, ਲਾਈਟ, ਸਾਊਂਡ ਸਿਸਟਮਾਂ ਅਤੇ ਭਾਂਤ ਭਾਂਤ ਦੇ ਖਾਣ-ਪੀਣ ਵਾਲੇ ਪਕਦੇ ਪਦਾਰਥਾਂ ਵਿੱਚੋਂ ਪ੍ਰਗਟ ਹੁੰਦਾ ਹੈ ਤਾਂ ਇਥੇ ਵੀ ਅਨੰਦ ਗਾਇਬ ਹੋ ਜਾਂਦਾ ਹੈ । ਸਥਾਨ ਵੀ ਕੀਰਤਨ ਦੇ ਅਨੰਦ ਦਾ ਆਧਾਰ ਬਣ ਜਾਂਦਾ ਹੈ । ਕਈ ਗੁਰਦੁਆਰਾ ਸਾਹਿਬਾਨ ਜਦੋਂ ਉਥੇ ਇੱਕ ਹੀ ਸਾਦਾ ਜਿਹਾ ਕਮਰਾ ਸੀ ਤਾਂ ਉਥੇ ਕੀਰਤਨ ਕਰਨ ਦਾ ਵਧੇਰੇ ਅਨੰਦ ਆਉਂਦਾ ਸੀ । ਹੁਣ ਸੰਗਮਰਮਰੀ ਹਾਲ ਬਣ ਗਏ । ਲਾਊਡ ਸਪੀਕਰ ਵੀ ਲੱਗ ਗਏ ਹਨ । ਪਰ ਕੀਰਤਨ ਦਾ ਅਨੰਦ ਗਾਇਬ ਹੋ ਗਿਆ ਹੈ ।

ਗੁਰੂ ਮਿਹਰ ਕਰੇ ਸਾਡੇ ਪਾਸੋਂ ਐਸਾ ਕੀਰਤਨ ਕਰਾਵੇ, ਤੇ ਐਸਾ ਕੀਰਤਨ ਸੁਣਨ/ਕਰਨ ਨੂੰ ਮਿਲੇ ਜਿਸ ਨੂੰ ਸੁਣਕੇ ਮਨ ਗੁਰਬਾਣੀ ਨਾਲ ਜੁੜੇ । ਜਿਸ ਨੂੰ ਸੁਣ ਕੇ ਮਨ ਦੀ ਮੈਲ ਕੱਟੀ ਜਾਵੇ ।



# ਬਚਨ ਕਰ ਕੇ ਪਾਲਣਾ

**ਬਲਵਿੰਦਰ ਸਿੰਘ, ਕਾਨਪੁਰ**

ਗੁਰੂ ਦਾਤੇ ਨੇ ਗੁਰਸਿੱਖ ਨੂੰ ਐਸਾ ਦ੍ਰਿੜ੍ਹ ਬਚਨ (ਨਿਸਚਾ) ਬਖ਼ਸ਼ਿਸ਼ ਕੀਤਾ ਹੈ ਕਿ ਉਹ ਅੰਦਰੋਂ-ਬਾਹਰੋਂ ਇੱਕ ਹੈ । ਆਮ ਦੁਨੀਆਂ ਦੀ ਹਾਲਤ ਇਹ ਹੈ ਕਿ ਉਸਦੇ ਅੰਦਰ ਗੁੱਦੜ ਭਰਿਆ ਪਿਆ ਹੈ ਤੇ ਬਾਹਰੋਂ ਤਨ ਨੂੰ ਉਹ ਰੇਸ਼ਮ ਨਾਲ ਕੱਜਿਆ ਹੋਇਆ ਹੈ । ਗੁਰਸਿੱਖ ਦੇ ਸੰਬੰਧ ਵਿਚ ਇਹ ਗੱਲ ਵਿਲੱਖਣ ਰੂਪ ਵਿਚ ਉਲਟੀ ਹੈ । ਗੁਰੂ ਪਾਤਸ਼ਾਹ ਉਹਨਾਂ ਨੂੰ ਸੰਸਾਰ ਵਿਚੋਂ ਭਲੇ ਮਿਥਦੇ ਹਨ , ਜਿਹਨਾਂ ਦੇ ਅੰਦਰ ਰੇਸ਼ਮ ਹੈ, ਬਾਹਰੋਂ ਭਾਵੇਂ ਮੈਲੇ ਹੋਣ । ਸਤਿਗੁਰੂ ਦੀ ਦੱਸੀ ਹੋਈ ਕਾਰ ਦੀ ਕਮਾਈ ਨਾਲ ਇਹ ਦੋਵੇਂ ਵੀ ਨਿਰਮਲ ਹੋ ਜਾਂਦੇ ਹਨ ਤੇ ਬਾਹਰੋਂ ਵੀ ।

ਇਹੋ ਜਿਹਾ ਮਨੁੱਖ ਨਿਕੰਮੇ ਦਮਗਜੇ ਨਹੀਂ ਮਾਰਦਾ । ਆਪਣੇ ਸੰਪਰਕ ਵਿਚ ਆਉਣ ਵਾਲੇ ਮਿੱਤਰਾਂ, ਸਾਥੀਆਂ ਤੇ ਸੰਬੰਧੀਆਂ ਨੂੰ ਸਬਜ਼-ਬਾਗ ਨਹੀਂ ਦਿਖਾਉਂਦਾ । ਇਸ ਦਾ ਇਹ ਸੁਭਾਅ ਵੀ ਨਹੀਂ ਕਿ ਹਾਥੀ ਦੇ ਦੰਦ ਖਾਣ ਨੂੰ ਹੋਰ ਤੇ ਦਿਖਾਣ ਦੇ ਹੋਰ ਜਾਂ ਇਹ ਕਹੇ ਕੁਝ ਹੋਰ ਤੇ ਕਰੇ ਕੁਝ ਹੋਰ । ਗੁਰਸਿੱਖ ਦਾ ਤਾਂ ਮਾਪਦੰਡ ਹੀ ਇਹੀ ਹੈ ਕਿ ਉਸਦੀ ਕਰਨੀ ਤੇ ਕਥਨੀ ਵਿਚ ਫਰਕ ਨਾ ਹੋਵੇ । ਜਿੰਨਾ ਘਟ ਫਰਕ ਉਨਾ ਵਧੀਆ ਮਨੁੱਖ । ਅਜਿਹੀ ਬਣਤਰ ਵਾਲਾ ਗੁਰਸਿੱਖ ਭਰੋਸੇਯੋਗ ਹੈ । ਉਂਜ ਤਾਂ ਇਹ ਉਸਦੇ ਸੁਭਾਅ ਵਿਚ ਸ਼ਾਮਿਲ ਹੈ ਕਿ ਉਹ ਸਭਨਾਂ ਜੀਆਂ ਦਾ ਇਕੋ ਦਾਤਾ ਸਮਝਦਾ ਹੈ । ਸਰਬੱਤ ਦਾ ਭਲਾ ਮੰਗਦਾ ਹੈ ਤੇ ਸਰਬੱਤ ਦਾ ਭਲਾ ਕਰਦਾ ਹੈ । ਪਰ ਜੇ ਕਦੀ ਇਹ ਕਿਸੇ ਨੂੰ ਬਚਨ ਦੇ ਦਏ ਤਾਂ ਉਸਦਾ ਪਾਲਣ ਹਰ ਹੀਲੇ ਕਰਦਾ ਹੈ । ਐਸੇ ਸੁਭਾਅ ਦੇ ਘੜਨਹਾਰ ਗੁਰੂ ਪਾਤਸ਼ਾਹ ਚੇਤਨਤਾ ਬਖ਼ਸ਼ਦੇ ਹਨ ਤੇ ਸੁਚੇਤ ਕਰਦੇ ਹਨ ਕਿ ਗੁਰੂ ਕਾ ਸਿੱਖ ਬਚਨ ਕਰ ਕੇ ਪਾਲੇ ।

ਸੰਤ ਜਨ, ਸੇਵਕ ਸਿੱਖ ਐਸੀ ਬਿਰਤੀ ਦੇ ਮਾਲਕ ਹਨ ਕਿ ਉਹ ਹਰ ਦਿਸ਼ਾ ਵਿਚ ਕੀਤੇ ਬਚਨ ਨੂੰ ਨਿਭਾਉਂਦੇ ਹਨ । ਕਹੇ ਬੋਲਾਂ ਨੂੰ ਰੋਲਦੇ ਨਹੀਂ, ਪੁਗਾਉਂਦੇ ਹਨ । ਜਦੋਂ ਕੋਈ ਬਚਨ ਕਹਿ ਕੇ ਫਿਰ ਜਾਂਦਾ ਹੈ ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਸਨੇ ਬਚਨ ਹਉਮੈ ਵਿਚ ਕੀਤਾ ਸੀ । ਜਾਂ ਕਿਸੇ ਨੂੰ ਚਲਣ ਵਾਸਤੇ ਕੀਤਾ ਸੀ । ਉਹ ਦੂਜੇ ਬੰਦੇ ਤੋਂ ਨਜਾਇਜ਼ ਲਾਭ ਪ੍ਰਾਪਤ ਕਰਨਾ ਚਾਹੁੰਦਾ ਸੀ । ਪਹਿਲਾਂ ਬਿਨਾਂ ਸੋਚੇ ਸਮਝੇ ਬਚਨ ਕਰ ਦਿੱਤਾ ਤੇ ਪਿਛੋਂ ਨਾਪ-ਤੋਲ, ਵਾਧੇ-ਘਾਟੇ ਅਤੇ ਡਿਗਣ-ਡੋਲਣ ਦੀ ਅਵਸਥਾ ਵਿਚ ਆ ਗਏ । ਜਿਹੜੇ ਬਚਨ ਕਰ ਕੇ ਨਹੀਂ ਪੁਗਾਏ ਜਾਂਦੇ, ਉਹਨਾਂ ਵਿਚ ਬਹੁਤਾ ਨਿੱਜੀ ਸਵਾਰਥ ਅਤੇ ਮਾਇਕ ਚਮਕ-ਦਮਕ ਤੇ ਵੈਭਵ ਹੀ ਹਾਇਲ ਹੁੰਦੇ ਹਨ । ਸੰਤ ਜਨ, ਸੇਵਕ ਸਿੱਖ ਦਾ ਇਹ ਸੁਭਾਅ ਨਹੀਂ ।

ਸੰਤ ਰਹਤ ਸੁਨਹੁ ਮੇਰੇ ਭਾਈ ॥
ਉਆ ਕੀ ਮਹਿਮਾ ਕਥਨੁ ਨਾ ਜਈ ॥ਰਹਾਉ ॥
ਵਰਤਣਿ ਜਾ ਕੇ ਕੇਵਲ ਨਾਮ ॥
ਅਨਦ ਰੂਪ ਕੀਰਤਨ ਬਿਸ੍ਰਾਮ ॥
ਮਿਤ੍ਰ ਸਤ੍ਰ ਜਾ ਕੇ ਏਕ ਸਮਾਨੇ ॥
ਪ੍ਰਭ ਅਪੁਨੇ ਬਿਨੁ ਅਵਰੁ ਨਾ ਜਾਨੈ ॥
ਸੂਰਬੀਰ ਬਚਨ ਕੇ ਬਲੀ ॥
ਕਉਲਾ ਬਪੁਰੀ ਸੰਤੀ ਛਲੀ ॥

ਗੁਰਸਿੱਖ ਦਾ ਸੁਭਾਅ ਉਸਦੀ ਰਹਿਤ ਹੈ ਤੇ ਜੀਵਨ-ਜਾਚ ਨਾਮ, ਜੋ ਸਭ ਗੁਣਾਂ ਦਾ ਲਾਇਕ ਹੈ ।

ਊਠਤ ਬੈਠਤ ਸੋਵਤ ਨਾਮ ॥
ਕਹੁ ਨਾਨਕ ਜਨ ਕੇ ਸਦ ਕਾਮ ॥

ਭਾਵ ਨਾਮ ਵਾਲੇ ਮਨੁੱਖ ਦੇ ਕੰਮ ਸ਼ੁਭ ਹੀ ਹੋਣਗੇ। ਉਹ ਸ਼ੁਭ ਗੁਣਾਂ ਦਾ ਧਾਰਨੀ ਤੇ ਸ਼ੁਭ ਕੰਮ ਦਾ ਕਰਨ ਵਾਲਾ ਹੋਵੇਗਾ। ਉਹ ਲੋਭ ਪ੍ਰੇਰਿਤ ਹੋ ਬਚਨ ਤੋਂ ਨਹੀਂ ਫਿਰੇਗਾ। ਇਹ ਦਮਾਂ ਦਾ ਲੋਭ ਉਸਦੀ ਮਤਿ ਮਲੀਨ ਨਹੀਂ ਕਰ ਸਕੇਗਾ। ਕੌਲਾਂ ਭਾਵ ਕੰਵਲ ਵਿਚ ਨਿਵਾਸ ਕਰਨ ਵਾਲੀ ਲੱਛਮੀ, ਮਾਇਆ ਜਾ ਦੌਲਤ ਇਸਦੇ ਸਾਹਮਣੇ ਆਪ ਗਰੀਬਣੀ ਜਿਹੀ ਹੈ। ਇਹ ਇਸਨੂੰ ਛਲ ਨਹੀਂ ਸਕਦੀ ਸਗੋਂ ਉਸ ਨੇ ਮਾਇਆ ਨੂੰ ਛਲਿਆ ਹੋਇਆ ਹੈ। ਕਿਤਨੀ ਖੂਬਸੂਰਤੀ ਨਾਲ ਗੁਰੂਦੇਵ ਉਤਲੀ ਤੁਕ ਵਿਚ ਫੁਰਮਾ ਰਹੇ ਹਨ ਕਿ ਜਿਸ ਨੂੰ ਮਾਇਆ ਦਾ ਲੋਭ ਹੈ ਉਹੀ ਬਚਨ ਤੋਂ ਫਿਰੇਗਾ ਤੇ ਜਿਸਨੂੰ ਮਾਇਆ ਨਹੀਂ ਛਲ ਸਕਦੀ ਉਹ ਬਚਨ ਦਾ ਬਲੀ ਹੋਵੇਗਾ। ਗੁਰੂਦੇਵ ਇਸ ਹੁਕਮ ਵਿਚ ਇਹੀ ਫਰਮਾ ਰਹੇ ਹਨ ਕਿ ਗੁਰੂ ਕਾ ਸਿੱਖ ਬਚਨ ਕਰ ਕੇ ਪਾਲੇ।

ਸਾਡੀ ਰੋਜ਼ ਦੀ ਅਰਦਾਸ ਵਿਚ ਅਸੀਂ ਅਕਾਲ ਪੁਰਖ ਤੋਂ ਸੱਤ ਦਾਨ ਮੰਗਦੇ ਹਾਂ। ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਵਿਵੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ ਅਤੇ ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ। ਗੁਰੂ ਦੇਵ ਅਕਾਲ ਪੁਰਖ ਨੇ ਸੱਤ ਖੈਰਾਂ ਗੁਰਸਿੱਖਾਂ ਦੀ ਝੋਲੀ ਪਾਈਆਂ ਹਨ। ਉਸ ਨੂੰ ਸੱਤੇ ਖੈਰਾਂ ਹਨ , ਕੋਈ ਖਤਰਾ ਨਹੀਂ, (ਮੈਂ ਇਹਨਾਂ ਦਾਨਾਂ ਦੀ ਵਿਆਖਿਆ ਇੱਕ ਵੱਖਰੇ ਲੇਖ ਵਿਚ ਕਰਨ ਦਾ ਉਪਰਾਲਾ ਕੀਤਾ ਹੈ) ਡਿੱਗਣ ਡੋਲਣ ਦਾ ਕੋਈ ਅਵਸਰ ਨਹੀਂ।

ਉਤਲੇ ਦਾਨਾਂ ਦੇ ਵਿਚ ਵਿਸਾਹ ਦਾਨ ਵੀ ਮੰਗਿਆ ਹੈ ਤੇ ਭਰੋਸਾ ਦਾਨ ਵੀ। ਇਹ ਗੱਲ ਬੜੀ ਵਿਚਾਰਯੋਗ ਹੈ ਕਿ ਭਰੋਸਾ ਤੇ ਵਿਸਾਹ ਕਿਤਨੇ ਕੁ ਨੇੜੇ ਨੇੜੇ ਹਨ। ਗੁਰਸਿੱਖ ਨੂੰ ਵਾਹਿਗੁਰੂ ਤੇ ਭਰੋਸਾ ਹੈ। ਉਸਦੇ ਨਾਲ ਇਹੀ ਚੰਗੀ ਤਰ੍ਹਾਂ ਜੁੜਿਆ ਹੋਇਆ ਹੈ। ਇਹ ਰੱਜਿਆ ਹੋਇਆ ਹੈ, ਬੁੜਿਆ ਹੋਇਆ ਨਹੀਂ, ਜਿਹੜਾ ਕਮਜ਼ੋਰ ਨਹੀਂ, ਸ਼ਕਤੀਸ਼ਾਲੀ ਹੈ। ਜਿਸ ਕੋਲ ਵਡੇ ਦੀਆਂ ਵਡਿਆਈਆਂ ਹਨ। ਕਮਾਈ ਵੀ ਹੈ ਤੇ ਤੋਸਾ ਵੀ। ਵਾਹਿਗੁਰੂ ਤੇ ਵਿਸ਼ਵਾਸ ਹੈ ਤੇ ਭਰੋਸਾ ਵੀ। ਜਿਹੜਾ ਆਪ ਭਰੋਸੇ ਵਾਲਾ ਹੈ ਉਹ ਕਿਸੇ ਨੂੰ ਵਿਸਾਹ ਦੇ ਕੇ ਨਹੀਂ ਮਾਰੇਗਾ, ਬਚਨ ਕਰ ਕੇ ਨਵੀਂ ਫਿਰੇਗਾ। ਭਾਵੇਂ ਆਪਣੀ ਜਾਨ ਹੀ ਕੁਰਬਾਨ ਕਿਉਂ ਨਾ ਕਰਨੀ ਪਵੇ, ਪਰ ਉਹ ਬਚਨ ਜ਼ਰੂਰ ਪਾਲੇਗਾ। ਸੋ ਇਹ ਗੱਲ ਸਪਸ਼ਟ ਹੋਈ ਕਿ ਭਰੋਸਾ ਹੈ ਵਾਹਿਗੁਰੂ ਉਤੇ ਵਿਸ਼ਵਾਸ ਤੇ ਵਿਸਾਹ ਦਾ ਭਾਵ ਹੈ ਕਿ ਇਹ ਭਰੋਸੇ ਦੇ ਕਾਬਲ ਹੈ, ਇਸ ਤੇ ਭਰੋਸਾ ਕੀਤਾ ਜਾ ਸਕਦਾ ਹੈ।

ਗੁਰੂ ਪਾਤਸ਼ਾਹ ਨੇ ਗੁਰਸਿੱਖ ਦੀ ਘਾੜਤ ਘੜਨ ਸਮੇਂ ਹੀ ਇਹ ਗੱਲ ਉਹਨਾਂ ਦੇ ਲਹੂ ਵਿਚ ਪਾ ਦਿੱਤੀ ਹੈ ਕਿ ਉਹ ਭਰੋਸੇ ਵਾਲਾ ਹੈ ਤੇ ਵਿਸਾਹ ਦੇ ਕੇ ਮਾਰਦਾ ਨਹੀਂ ਤੇ ਬਚਨ ਪਾਲਦਾ ਹੈ। ਵਾਹਿਗੁਰੂ ਦਾ ਵੀ ਇਹ ਗੁਣ ਹੈ ਕਿ ਉਹ ਸੱਜਣ ਹੈ, ਪਾਤਸ਼ਾਹ ਹੈ, ਰਾਜਿਆਂ ਦਾ ਰਾਜਾ ਹੈ, ਸ਼ਾਹਾਂ ਦਾ ਸ਼ਹਿਨਸ਼ਾਹ ਹੈ। ਅਜਿਹੇ ਗੁਣਾਂ ਦੇ ਮਾਲਕ ਕੋਲ ਬੈਠਿਆਂ ਸ਼ੋਭਾ ਵਧਦੀ ਹੈ ਕਿਉਂਕਿ ਉਹ ਸਭਨਾਂ ਦਾ ਵਿਸਾਹ ਕਰਦਾ ਹੈ।

ਸਜਣੁ ਸਚਾ ਪਾਤਸਾਹੁ ਸਿਰਿ ਸਾਂਹਾਂ ਦੇ ਸਾਹੁ।
ਜਿਸੁ ਪਾਸਿ ਬਹਿਠਿਆਂ ਸੋਹੀਐ ਸਭਨਾ ਦਾ ਵੇਸਾਹੁ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਗੁਣ ਦੀ ਦਾਤ ਕਰਦੇ ਹਨ ਤੇ ਆਦੇਸ਼ ਵੀ ਦਿੰਦੇ ਹਨ ਕਿ ਗੁਰੂ ਕਾ ਸਿੱਖ ਬਚਨ ਕਰ ਕੇ ਪਾਲੇ।

**The Sikh Courier**

**88 Mollison Way, Edgware Middlesex**
**(Greator London) U.K.**

**The Sikh Courier**

**116 Karnani Mansion**
**25-A, Park Steet, Calcutta 700016**

# ਸਫਰਨਾਮਾਂ ਲਾਹੌਰ - ਡੇਰਾ ਸਾਹਿਬ

**ਡਾ. ਜੋਗਿੰਦਰ ਸਿੰਘ ਬਾਵਰਾ**



(ਲੜੀ ਜੋੜਨ ਲਈ ਅੰਕ ਦਸੰਬਰ 1996) ਕਿਸ਼ਤ ਤੀਜੀ

ਨਨਕਾਣਾ ਸਾਹਿਬ ਵਿੱਚ ਹੀ ਕਾਫੀ ਦਿਨ ਚੜ੍ਹ ਗਿਆ ਸੀ । ਸਾਰੇ ਯਾਤਰੀ ਆਪਣਾ ਆਪਣਾ ਸਮਾਨ ਚੁੱਕ ਕੇ ਗੁਰਦੁਆਰੇ ਦੇ ਗੇਟ ਵੱਲ ਤੁਰ ਪਏ । ਤਾਂ ਕਿ ਤਾਂਗੇ, ਰੇਹੜੇ ਜਾਂ ਬੱਸ ਦੁਆਰਾ ਰੇਲਵੇ ਸਟੇਸ਼ਨ ਤੇ ਪਹੁੰਚ ਸਕੀਏ । ਇੱਥੇ ਰਿਕਸ਼ਾ ਨਾਮ ਦੀ ਕੋਈ ਚੀਜ਼ ਹੀ ਨਹੀਂ ਹੈ । ਤਾਂਗੇ ਆਮ ਚਲਦੇ ਹਨ । ਜਿਵੇਂ ਜਿਵੇਂ ਯਾਤਰੀ ਸਟੇਸ਼ਨ ਤੇ ਪੁੱਜਦੇ ਗਏ ਗੱਡੀਆਂ ਉਹਨਾਂ ਨੂੰ ਲੈ ਕੇ ਲਾਹੌਰ ਵੱਲ ਕੂਚ ਕਰਨ ਲੱਗੀਆਂ । ਲਾਹੌਰ ਇੱਕ ਅਜਿਹਾ ਨਗਰ ਹੈ ਜਿਸ ਦੇ ਨਾਲ ਸਾਡੀਆਂ ਅਨੇਕਾਂ ਧਾਰਮਿਕ ਅਤੇ ਸਮਾਜਿਕ ਘਟਨਾਵਾਂ ਜੁੜੀਆਂ ਹੋਈਆਂ ਹਨ । ਲਾਹੌਰ ਨਾਲ ਸਾਡੀ ਇਤਿਹਾਸਿਕ ਸਾਂਝ ਹੈ । ਕਹਿੰਦੇ ਹਨ ਕਿ ਇਸ ਦੀ ਸਥਾਪਨਾਂ ਭਗਵਾਨ ਰਾਮ ਦੇ ਪੁੱਤਰ ਲਵ ਨੇ ਕੀਤੀ ਸੀ । ਲਾਹੌਰ ਪੰਜਾਬ ਦੀ ਰਾਜਧਾਨੀ ਸੀ ਇਸ ਨੂੰ ਫਤਹਿ ਕਰਨ ਲਈ ਅਨੇਕਾਂ ਹਮਲੇ ਹੋਏ ਅਤੇ ਇਸ ਦੀ ਰੱਖਿਆ ਲਈ ਵੀ ਉਤਨੇ ਹੀ ਉਪਰਾਲੇ ਕੀਤੇ ਗਏ ।

ਸਾਡੀ ਗੱਡੀ ਲਾਹੌਰ ਤੋਂ ਪਹਿਲੇ ਸਟੇਸ਼ਨ ਬਾਦਾਮੀ ਬਾਗ ਤੇ ਜਾ ਰੁਕੀ । ਸਾਰੇ ਯਾਤਰੀ ਉਤਰਦੇ ਹੀ ਪ੍ਰੇਸ਼ਾਨ ਹੋ ਗਏ ਕਿਉਂਕਿ ਸੜਕ ਦਾ ਬੁਰਾ ਹਾਲ ਸੀ । ਪੱਥਰ ਹੀ ਪੱਥਰ ਵਿਛੇ ਪਏ ਸਨ । ਬੜੀ ਮੁਸ਼ਕਲ ਨਾਲ ਆਪਣਾ-ਆਪਣਾ ਸਮਾਨ ਚੁੱਕ ਕੇ ਤੰਗ ਗਲੀ ਵਿੱਚੋਂ ਗੁਜ਼ਰਦੇ ਹੋਏ ਸੜਕ ਉਤੇ ਪੁੱਜੇ । ਕੋਈ ਪੈਦਲ ਤੇ ਕੋਈ ਤਾਂਗੇ ਰਾਹੀਂ ਗੁਰਦੁਆਰਾ ਡੇਰਾ ਸਾਹਿਬ ਪੁੱਜਿਆ । ਇੱਥੇ ਠਹਿਰਨ ਵਾਸਤੇ ਨਨਕਾਣਾ ਤੋਂ ਚੱਲਣ ਵੇਲੇ ਕਮਰੇ ਅਲਾਟ ਕਰ ਦਿੱਤੇ ਸਨ । ਪਰ ਇੱਥੇ ਨਜ਼ਾਰਾ ਕੁਝ ਹੋਰ ਹੀ ਸੀ । ਇੱਕ ਇੱਕ ਕਮਰਾ, ਤਿੰਨ ਤਿੰਨ ਵੱਖ ਵੱਖ ਗਰੁੱਪਾਂ ਨੂੰ ਅਲਾਟ ਕਰ ਦਿੱਤਾ ਗਿਆ । ਕੁਝ ਕਮਰਿਆਂ ਵਿੱਚ, ਕੋਈ ਕਨਾਤਾਂ ਵਿੱਚ ਤੇ ਕੋਈ ਤੰਗ ਆ ਕੇ ਹੋਟਲਾਂ ਵਿੱਚ ਜਾ ਠਹਿਰੇ ।

ਗੁਰਦੁਆਰਾ ਡੇਰਾ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਯਾਦ ਨੂੰ ਤਾਜ਼ਾ ਕਰਦਾ ਹੈ । ਉਹਨਾਂ ਦਿਨਾਂ ਵਿੱਚ ਇੱਥੇ ਰਾਵੀ ਨਦੀ ਵਗਦੀ ਸੀ ਪਰ ਹੁਣ ਇਹ ਕਾਫੀ ਦੂਰ ਚਲੀ ਗਈ ਹੈ । ਸਮਾਧੀ ਸਫੈਦ ਰੰਗ ਦੇ ਸੰਗਮਰਮਰ ਦੀ ਹੈ । ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ਾਲ ਸਮਾਧੀ ਹੈ । ਸਮਾਧੀ ਉਪਰਲੀ ਮੰਜ਼ਲ ਤੇ ਹੈ । ਸਾਹਮਣੇ ਹੀ ਇੱਕ ਕਿਲਾ ਹੈ । ਇਸ ਦੇ ਅੰਦਰ ਸ਼ੀਸ਼ ਮਹਿਲ, ਮੁਮਤਾਜ਼ ਮਹਿਲ, ਦੀਵਾਨੇ ਆਮ ਅਤੇ ਵੱਡੇ ਵੱਡੇ ਬਗੀਚੇ, ਮੋਤੀ ਮਸਜਿਦ ਆਦਿ ਦਰਸ਼ਨ ਯੋਗ ਹਨ ।

ਭਾਈ ਮਰਦਾਨਾ ਦਾ ਜਨਮ ਮਰਾਸੀ ਜਾਤੀ ਵਿੱਚ ਹੋਇਆ, ਪਰਿਵਾਰ ਵਿੱਚ ਕਈ ਬੱਚੇ ਪੈਦਾ ਹੋਏ ਪਰ ਜਿਉਂਦੇ ਨਹੀਂ ਸੀ । ਮਰਦਾਨੇ ਦੀ ਮਾਂ ਉਸ ਬੱਚੇ ਨੂੰ ਗੁਰੂ ਨਾਨਕ ਦੇਵ ਜੀ ਦਾ ਆਸ਼ੀਰਵਾਦ ਦਿਵਾਉਣ ਆਈ ਤਾਂ ਗੁਰੂ ਜੀ ਨੇ ਬੱਚੇ ਦਾ ਨਾਮ ਪੁੱਛਿਆ ਮਾਂ ਬੋਲੀ ਕਿ ਮਰਜਾਣਾ ਕਿਉਂਕਿ ਉਸ ਦਾ ਖਿਆਲ ਸੀ ਕਿ ਇਹ ਬਾਲਕ ਵੀ ਛੇਤੀ ਹੀ ਮਰ ਜਾਵੇਗਾ । ਗੁਰੂ ਜੀ ਦੇ ਮੁੱਖ ਵਿੱਚੋਂ ਨਿਕਲਿਆ ਮਰਦਾਨਾ (ਭਾਵ ਮਰਦਾਨਾ ਮਰਦਾ ਨਹੀਂ) ਇਹੀ ਮਰਦਾਨਾ ਅੱਗੇ ਚੱਲ ਕੇ ਗੁਰੂ ਜੀ ਦੀਆਂ ਯਾਤਰਾਵਾਂ ਦਾ ਸਾਥੀ ਬਣਿਆ ਅਤੇ 45

ਵਰ੍ਹੇ ਉਨ੍ਹਾਂ ਦੇ ਨਾਲ ਯਾਤਰਾ ਕਰਦਾ ਰਿਹਾ । ਭਾਈ ਮਰਦਾਨਾ ਰਬਾਬ ਵਜਾਉਂਦਾ ਤੇ ਗੁਰੂ ਜੀ ਸ਼ਬਦ ਗਾਇਨ ਕਰਦੇ । ਭਾਈ ਮਰਦਾਨੇ ਦੇ ਖਾਨਦਾਨ ਦੇ ਲੋਕ ਜਿਹੜੇ ਕੀਰਤਨ ਕਰ ਲੱਗੇ ਉਨ੍ਹਾਂ ਨੂੰ ਮਰਾਸੀ ਦੀ ਬਜਾਏ ਰਬਾਬੀ ਕਿਹਾ ਜਾਣ ਲੱਗਾ । ਪਾਕਿਸਤਾਨ ਦੇ ਵਜੂਦ ਵਿੱਚ ਆਉਣ ਤੋਂ ਪਹਿਲਾਂ ਹਰਿਮੰਦਰ ਸਾਹਿਬ ਵਿੱਚ ਅਨੇਕਾਂ ਰਬਾਬੀ ਗੁਰਬਾਣੀ ਕੀਰਤਨ ਕਰਦੇ ਸਨ । ਜਿਹਨਾਂ ਦਾ ਜ਼ਿਕਰ ਮੈਂ ਆਪਣੀ ਪੁਸਤਕ "ਭਾਰਤੀ ਸੰਗੀਤ ਦੀ ਉਤਪੱਤੀ ਐਵਮ ਵਿਕਾਸ" ਵਿੱਚ ਵਿਸਥਾਰ ਪੂਰਵਕ ਕੀਤਾ ਹੈ । ਪਾਕਿਸਤਾਨ ਵਿੱਚ ਉਹਨਾਂ ਦਾ ਕੀਰਤਨ ਕੌਣ ਸੁਣਦਾ ਹੈ ਕਈ ਰਬਾਬੀ ਅੱਲਾ ਨੂੰ ਪਿਆਰੇ ਹੋ ਗਏ । ਭਾਈ ਲਾਲ ਅਤੇ ਇੱਕ ਹੋਰ ਰਬਾਬੀ ਜਿਸ ਦਾ ਨਾਮ ਯਾਦ ਨਹੀਂ ਰਿਹਾ ਵਿਸ਼ੇਸ਼ ਅਵਸਰਾਂ ਉਤੇ ਕੀਰਤਨ ਕਰਦੇ ਹਨ । ਨਨਕਾਣਾ ਸਾਹਿਬ ਵਿੱਚ ਮੇਰੀ ਮੁਲਾਕਾਤ ਭਾਈ ਨਾਲ ਲਾਲ ਹੋਈ ਸੀ । ਲਾਹੌਰ ਵਿੱਚ ਵੀ ਉਸਦਾ ਕੀਰਤਨ ਸੁਣਨ ਦਾ ਮੌਕਾ ਮਿਲਿਆ । ਪੁਰਾਤਨ ਕੀਰਤਨ ਸ਼ੈਲੀ ਜਿਸ ਵਿੱਚ ਸ਼ਬਦ ਗਾਉਂਦੇ ਹੋਏ ਪਰਮਾਣ ਦਿੱਤੇ ਜਾਂਦੇ ਹਨ ਉਹ ਉਸ ਸ਼ੈਲੀ ਦਾ ਮਿੱਠਾ ਕੀਰਤਨ ਕਰਦੇ ਹਨ । ਲਾਹੌਰ ਵਿੱਚ ਭਾਈ ਲਾਲ ਦੇ ਕੀਰਤਨ ਪਿਛੋਂ ਮੈਂ ਵੀ ਕੀਰਤਨ ਕੀਤਾ ਮੈਥੋਂ ਬਾਅਦ ਦੂਸਰੇ ਰਬਾਬੀ ਜਥੇ ਨੇ ਕੀਰਤਨ ਕੀਤਾ । ਜਦ ਤੱਕ ਧਰਤੀ ਆਕਾਸ਼, ਚੰਦ, ਤਾਰੇ ਰਹਿਣਗੇ, ਮਰਦਾਨੇ ਦਾ ਨਾਮ ਵੀ ਗੁਰੂ ਨਾਨਕ ਦੇਵ ਜੀ ਦੇ ਨਾਲ ਜੁੜਿਆ ਰਹੇਗਾ ।

ਇਸੇ ਸੜਕ ਉਤੇ ਹੱਜ ਕਰਨ ਵਾਲੇ ਆਪਣੇ ਪਰਿਵਾਰਾਂ ਨਾਲ ਪੁੱਜ ਰਹੇ ਸਨ । ਹਾਜੀ ਦੇ ਗਲ ਵਿੱਚ ਹਾਰ ਪਾ ਕੇ ਲੋਕ ਛਡਣ ਲਈ ਆ ਰਹੇ ਸਨ, ਉਹਨਾਂ ਨੇ ਅੱਜ ਰਾਤੀਂ ਜਹਾਜ਼ ਪਕੜਨਾ ਸੀ ।

ਸੜਕ ਦੇ ਦੂਜੇ ਪਾਸੇ ਇੱਕ ਵਿਸ਼ਾਲ ਮੈਦਾਨ ਹੈ । ਉਸ ਦੇ ਵਿਚਕਾਰ ਮੀਨਾਰੇ-ਪਾਕਿਸਤਾਨ ਉਸਾਰਿਆ ਗਿਆ ਹੈ । ਸ਼ਾਮ ਵੇਲੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇੱਥੇ ਆ ਕੇ ਸੈਰ ਕਰਨ ਲਈ ਪੁੱਜਦੇ ਹਨ । ਮੀਨਾਰ ਉਤੇ ਚੜ੍ਹਨ ਲਈ ਲਿਫਟ ਦਾ ਪ੍ਰਬੰਧ ਹੈ ਜਿਸ ਦੀ ਟਿਕਟ ਅੱਠ ਰੁਪਏ ਹੈ ਮੈਦਾਨ ਦੇ ਨਾਲ ਨਾਲ ਇੱਕ ਮਸਨੂਈ ਝੀਲ ਵੀ ਬਣਾਈ ਗਈ ਹੈ । ਜਿਸ ਵਿੱਚ ਦੋ ਬੇੜੀਆਂ ਲੋਕਾਂ ਨੂੰ ਜਲ ਯਾਤਰਾ ਕਰਵਾਉਂਦੀਆਂ ਹਨ । ਭਾਰਤ ਵਿੱਚ ਜਮਾਂ ਕਰਵਾਈ ਕਰੰਸੀ ਦੇ ਬਦਲੇ ਸਾਨੂੰ 6886/- ਰੁਪਏ ਦਿੱਤੇ ਗਏ । ਦੂਜੀ ਭਾਸ਼ਾ ਵਿੱਚ ਦੋ ਸੌ ਡਾਲਰ/ਮੇਵਾ । ਮੰਡੀ ਜਾਂ ਅਕਬਰੀ ਮੰਡੀ ਜਿਥੇ ਸੁਕੇ ਮੇਵੇ ਦੀਆਂ ਬੋਰੀਆਂ ਭਰੀਆਂ ਪਈਆਂ ਸਨ । ਬਾਦਾਮ, ਗਿਰੀ 120/- ਰੁਪਏ ਤੋਂ 160/- ਰੁਪਏ ਕਿਲੋ, ਕਿਸਮਿਸ 50/- , ਅਨਾਰਦਾਨਾ 45/- , ਪਿਸਤਾ 250/-, ਲੌਂਗ 80/-, ਦਾਲਚੀਨੀ 132/-, ਬਾਦਾਮ ਰੋਗਨ 300/-, ਪ੍ਰਤੀ ਕਿਲੋ ਆਮ ਵਿਕ ਰਿਹਾ ਸੀ । ਜ਼ਿਆਦਾਤਰ ਯਾਤਰੀ ਰਹਿਬਰ ਖਰੀਦ ਕੇ ਉਸ ਵਿੱਚ ਸੁੱਕਾ ਮੇਵਾ ਭਰ ਲੈਂਦੇ ਹਨ ।

ਲੰਡਾ ਬਾਜ਼ਾਰ, ਨੌ ਲੱਖਾ ਬਾਜ਼ਾਰ, ਜਿਥੋਂ ਦੇ ਇਤਿਹਾਸਕ ਸਥਾਨ ਹਨ । ਭਾਈ ਤਾਰੂ ਜੀ ਦਾ ਸ਼ਹੀਦੀ ਸਥਾਨ ਅਤੇ ਦੂਜਾ ਜਿਥੇ ਸਿੱਖ ਬੀਬੀਆਂ ਦੇ ਸਾਹਮਣੇ ਬੱਚਿਆਂ ਨੂੰ ਨੇਜ਼ਿਆਂ ਤੇ ਲਟਕਾਇਆ ਗਿਆ ਸੀ । ਬੀਬੀਆਂ ਪਾਸੋਂ ਦਿਨ ਰਾਤ ਚੱਕੀ ਪਿਸਵਾਈ ਜਾਂਦੀ । ਇਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੈ । ਅਨਾਰਕਲੀ ਬੜਾ ਪ੍ਰਸਿਧ ਅਤੇ ਸੁੰਦਰ ਬਾਜ਼ਾਰ ਹੈ । ਬਾਜ਼ਾਰ ਵਿੱਚ ਬੜੀ ਚਹਿਲ-ਪਹਿਲ ਸੀ । ਬਾਜ਼ਾਰ ਵਿੱਚ ਤਾਂਗਾ, ਮੋਟਰ ਆਦਿ ਨਹੀਂ ਜਾ ਸਕਦਾ । ਜਿਸ ਕਰਕੇ ਟਰੈਫਿਕ ਜਾਮ ਦੀ ਸੰਭਾਵਨਾਂ ਹੀ ਨਹੀਂ । ਸਾਰੇ ਪੈਦਲ ਚੱਲ ਰਹੇ ਸਨ । ਸਲਵਾਰ ਕਮੀਜ਼ ਪਹਿਨੇ ਨੌਜਵਾਨ ਬੜੇ ਸੁੰਦਰ ਲਗਦੇ ਸਨ । ਬੁਰਕਾ ਪੁਰਾਣੇ ਜ਼ਮਾਨੇ ਦੀ ਚੀਜ਼ ਬਣ ਚੁਕਿਆ ਸੀ ।

ਹਰ ਕੋਈ ਇਸਤਰੀ ਬੁਰਕੇ ਵਿੱਚ ਤੇ ਆਮ ਚੁੰਨੀ ਨਾਲ ਨੱਕ ਤੋਂ ਹੇਠਲਾ ਭਾਗ ਢੱਕ ਕੇ ਰੱਖਦੀ ਸੀ । ਮੋਟਰ ਸਾਇਕਲ ਆਮ ਸਨ ਪਰ ਸਕੂਟਰ ਕਿਸੇ ਵਿਰਲੇ ਪਾਸ ਹੀ ਦਿਖਾਈ ਦਿੰਦਾ ਸੀ । ਇਸਤਰੀਆਂ ਸਕੂਟਰ ਨਹੀਂ ਚਲਾਉਂਦੀਆਂ । ਵਾਲ ਕੱਟੀਆਂ ਕੁੜੀਆਂ

ਵੀ ਵੇਖਣ ਵਿੱਚ ਆਉਂਦੀਆਂ ਹਨ ।

ਮੈਂ ਚਿੜੀਆ ਘਰ ਵੀ ਵੇਖਣ ਗਿਆ ਪਰ ਜਾਨਵਰਾਂ ਦੀ ਗਿਣਤੀ ਬਹੁਤ ਘੱਟ ਸੀ । ਅਜਾਇਬ ਘਰ ਵਿੱਚ ਕੁਝ ਪ੍ਰਾਚੀਨ ਵਸਤੂਆਂ ਜ਼ਰੂਰ ਵੇਖਣ ਨੂੰ ਮਿਲਦੀਆਂ ਹਨ । ਸਾਹਮਣੇ ਹੀ ਅਸੰਬਲੀ ਹਾਲ ਹੈ । ਇਸ ਇਲਾਕੇ ਦੀਆਂ ਸੜਕਾਂ ਸਾਫ ਅਤੇ ਖੁੱਲ੍ਹੀਆਂ ਹਨ । ਲੋਕ ਬੜੇ ਪਿਆਰ ਨਾਲ ਮਿਲਦੇ ਹਨ । ਕੋਈ ਹੱਥ ਮਿਲਾਉਂਦਾ ਹੈ ਤੇ ਕੋਈ ਗਲੇ ਮਿਲਦਾ ਹੈ । ਸਾਡਾ ਮੁਲਕ ਕਿਹੋ ਜਿਹਾ ਲੱਗਾ ? ਇਹ ਪ੍ਰਸ਼ਨ ਆਮ ਪੁੱਛਦੇ । ਤਾਲੀਮ ਦਾ ਪ੍ਰਚਾਰ ਕਾਫੀ ਹੈ । ਧਾਰਮਿਕ ਸਿੱਖਿਆ ਇੱਕ ਲਾਜ਼ਮੀ ਵਿਸ਼ਾ ਹੈ । ਸਿਫਤ ਦੀ ਗੱਲ ਇਹ ਹੈ ਕਿ ਸਾਰੇ ਮੁਲਕ ਵਿੱਚ ਸ਼ਰਾਬ ਬੰਦੀ ਲਾਗੂ ਹੈ । ਗੰਨੇ ਦੇ ਰਸ ਦੀਆਂ ਰੇੜੀਆਂ ਆਮ ਪਰ ਸਾਫ ਸੁਥਰੀਆਂ ਸਨ । ਈਦ, ਬਕਰੀਦ ਵਰਗਾ ਕੋਈ ਦਿਨ ਨੇੜ੍ਹੇ ਸੀ । ਇਸ ਲਈ ਕਿਸੇ ਕਿਸੇ ਥਾਂ ਉਤੇ ਗਊਆਂ ਅਤੇ ਪਲੇ ਹੋਏ ਬੱਕਰੇ ਵਿਕਣ ਲਈ ਖੜੇ ਕੀਤੇ ਹੋਏ ਸਨ । ਪਾਕਿਸਤਾਨ ਦੇ ਵਾਸੀ ਆਪਣੀ ਕਰੰਸੀ ਦਾ ਬੜਾ ਆਦਰ ਕਰਦੇ ਹਨ । ਨੋਟ ਫਟ ਜਾਏ, ਦੋ ਚਾਰ ਟੋਟੇ ਹੋ ਜਾਏ ਕੋਈ ਵੀ ਲੈਣ ਤੇ ਨਾਂਹ ਨਹੀਂ ਕਰਦਾ । ਜਦਕਿ ਭਾਰਤ ਵਿੱਚ ਇਸ ਦੇ ਬਿਪਰੀਤ ਆਪ ਹੀ ਨੋਟਾਂ ਦਾ ਹੁਲੀਆ ਵਿਗਾੜਦੇ ਹਨ ਫਿਰ ਉਸ ਨੂੰ ਲੈਣ ਤੋਂ ਇਨਕਾਰ ਕਰਦੇ ਹਨ ।

19 ਅਪ੍ਰੈਲ ਸਾਡੀ ਯਾਤਰਾ ਦਾ ਅੰਤਿਮ ਦਿਨ ਸੀ । ਜਿਸ ਤਰ੍ਹਾਂ ਲੋਕ ਜਾਣ ਲਈ ਉਤਾਵਲੇ ਸਨ । ਉਵੇਂ ਹੀ ਵਾਪਸੀ ਲਈ । ਗੱਡੀਆਂ 20 ਨੂੰ ਸਵੇਰੇ ਚੱਲਣੀਆਂ ਸਨ । ਯਾਤਰੀ ਰਾਤ ਨੂੰ ਹੀ ਬਾਦਾਮੀ ਬਾਗ ਸਟੇਸ਼ਨ ਤੇ ਜਾ ਪੁੱਜੇ ਸਨ ਪਰ ਪੁਲਿਸ ਦੇ ਸੁਰੱਖਿਆ ਪ੍ਰਬੰਧ ਦੇ ਕਰਕੇ ਉਨ੍ਹਾਂ ਨੂੰ ਵਾਪਸ ਡੇਰਾ ਸਾਹਿਬ ਜਾਣ ਲਈ ਮਜ਼ਬੂਰ ਕਰ ਦਿੱਤਾ । ਪਹੁ ਫੁਟਨ ਤੋਂ ਪਹਿਲਾਂ ਹੀ ਲੋਕ ਸਟੇਸ਼ਨ ਵੱਲ ਵਹੀਰਾਂ ਪਾ ਟੁਰੇ । ਤਾਂਗੇ, ਮੋਟਰਾਂ ਅਤੇ ਕੁਲੀਆਂ ਦੀ ਸੇਵਾ ਉਪਲੱਬਧ ਹੋ ਜਾਣ ਕਾਰਨ ਕੋਈ ਪ੍ਰੇਸ਼ਾਨੀ ਨਹੀਂ ਸੀ ਹੋਈ, ਜਿਵੇਂ ਕਿ ਕੋਈ ਦੋ ਦਿਨ ਪਹਿਲਾਂ ਹੋਈ ਸੀ । ਪ੍ਰੇਸ਼ਾਨੀ ਦਾ ਮੁੱਖ ਕਾਰਨ ਤਾਂ ਸਮਾਨ ਹੀ ਸੀ । ਪੰਜਾ ਸਾਹਿਬ, ਰਾਵਲਪਿੰਡੀ ਤੇ ਨਨਕਾਣਾ ਸਾਹਿਬ ਅਤੇ ਅੰਤ ਵਿੱਚ ਲਾਹੌਰ ਵਿੱਚੋਂ ਹਰੇਕ ਨੇ ਕੁਝ ਨਾ ਕੁਝ ਖਰੀਦਿਆ ਹੀ ਸੀ । ਵਾਪਸੀ ਉਤੇ ਵਾਘਾ ਸਟੇਸ਼ਨ ਤੇ ਸਭ ਨੇ ਆਪਣੇ ਆਪਣੇ ਪਾਸਪੋਰਟ ਵਾਪਸ ਲਏ, ਅਟਾਰੀ ਸਟੇਸ਼ਨ ਕਲੀਅਰਿੰਗ ਚਿੱਟ ਲੈ ਕੇ ਦੂਜੇ ਪਲੇਟ ਫਾਰਮ ਉਤੇ ਫਿਰ ਉਸੇ ਗੱਡੀ ਵਿੱਚ ਪਾਸਪੋਰਟ ਦੀ ਐਂਟਰੀ ਕਰਵਾਉਣਾ ਆਦਿ ਤੋਂ ਬਾਅਦ ਕਲੀਅਰਿੰਗ ਚਿੱਟ ਲੈ ਕੇ ਦੂਜੇ ਪਲੇਟਫਾਰਮ ਉਤੇ ਫਿਰ ਉਸੇ ਗੱਡੀ ਵਿੱਚ ਬੈਠਣਾ । ਇਸ ਕੰਮ ਉਤੇ ਚੰਗਾ ਚੋਖਾ ਸਮਾਂ ਲੱਗ ਜਾਂਦਾ ਹੈ । ਪਾਕਿਸਤਾਨ ਵਿੱਚ ਇੱਕ ਹੋਰ ਖਾਸ ਗੱਲ ਵੇਖਣ ਵਿੱਚ ਆਈ ਕਿ ਸਾਰੇ ਲੋਕ ਪੰਜਾਬੀ ਬੋਲਦੇ ਹਨ । ਉਰਦੂ ਲਿਖਦੇ ਹਨ । ਸਲਵਾਰ ਕਮੀਜ਼ ਪਹਿਨਦੇ ਹਨ, ਕੋਈ ਕੋਈ ਪੈਂਟ ਪਾਉਂਦਾ ਹੈ । ਦੁਕਾਨਾਂ, ਸੜਕਾਂ ਤੇ ਸਾਇਨ ਬੋਰਡ ਉਰਦੂ ਵਿੱਚ ਅਤੇ ਕਿਸੇ ਕਿਸੇ ਕੰਪਨੀ ਦਾ ਬੋਰਡ ਅੰਗਰੇਜੀ ਵਿੱਚ ਲਿਖਿਆ ਨਜ਼ਰ ਆਉਂਦਾ ਹੈ । ਉਰਦੂ ਅਖਬਾਰ ਸੱਤ ਰੁਪਏ ਦਾ ਹੈ । ਅੰਗਰੇਜ਼ੀ ਦਾ ਦਸ ਰੁਪਏ ਦਾ ਵਿਕਦਾ ਹੈ । ਯਾਤਰੀਆਂ ਦੇ ਕੈਂਪ ਵਿੱਚ ਮੁਸਲਮਾਨਾਂ ਦਾ ਅੰਦਰ ਪ੍ਰਵੇਸ਼ ਕਰਨਾ ਬਿਲਕੁੱਲ ਵਰਜਿਤ ਹੈ । ਜਿਹੜੇ ਲੋਕਾਂ ਨੇ ਆਪਣੇ ਵਾਕਿਫਕਾਰਾਂ ਨੂੰ ਮਿਲਣਾ ਹੁੰਦਾ ਹੈ । ਉਹ ਗੇਟ ਤੋਂ ਬਾਹਰ ਜਾ ਕੇ ਮਿਲਦੇ ਹਨ । ਕਈ ਮੁਸਲਮਾਨ ਬੜੀ ਦੂਰ ਦੂਰ ਤੋਂ ਵਾਕਿਫਕਾਰ ਯਾਤਰੀਆਂ ਨੂੰ ਮਿਲਣ ਆਏ ਸਨ ।

ਭਾਵੇਂ ਦੇਸ਼ ਦੇ ਦੋ ਟੋਟੇ ਹੋ ਗਏ ਪਰ ਮਨੁੱਖੀ ਪ੍ਰੇਮ ਨੂੰ ਵੰਡਿਆ ਨਹੀਂ ਜਾ ਸਕਦਾ । ਜੋ ਲੋਕ ਬੁੱਢੇ ਹੋ ਚੁੱਕੇ ਹਨ । ਉਹ ਧਰਤੀ ਤੇ ਨਹੀਂ ਰਹਿਣਗੇ ਉਦੋਂ ਦੋ ਮੁਲਕਾਂ ਦੇ ਪ੍ਰੇਮੀਆਂ ਦਾ ਪਿਆਰ ਕੇਵਲ ਕਹਾਣੀ ਹੀ ਬਣਕੇ ਰਹਿ ਜਾਵੇਗਾ । ਜਦੋਂ ਨਵੀਂ ਪੀੜ੍ਹੀ ਪੁਰਾਣੀ ਹੋ ਜਾਵੇਗੀ ਉਦੋਂ ਅੱਜ ਕੱਲ੍ਹ ਨਾਲੋਂ ਸਭ ਕੁਝ ਭਿੰਨ ਹੋਵੇਗਾ । ਕੋਈ ਇੱਕ ਦੂਜੇ ਨੂੰ ਪਹਿਚਾਣੇਗਾ ਨਹੀਂ । 1947 ਵਿੱਚ ਜੋ ਮੁਸਲਮਾਨ ਪਾਕਿਸਤਾਨ ਚਲੇ ਗਏ ਸਨ । ਉਹ ਆਪਣੇ ਪਿਛੋਕੜ ਨੂੰ ਯਾਦ ਕਰਦੇ ਸਨ । ਕੋਈ ਜਲੰਧਰ, ਪਟਿਆਲਾ, ਫਰੀਦਕੋਟ, ਲੁਧਿਆਣਾ,

ਕਪੂਰਥਲਾ, ਅੰਮ੍ਰਿਤਸਰ ਦਾ ਵਾਸੀ ਕਹਿੰਦਾ ਹੈ ਤੇ ਕੋਸ਼ਿਸ਼ ਕਰਦਾ ਹੈ ਕਿ ਕੋਈ ਉਥੋਂ ਦਾ ਯਾਤਰੀ ਮਿਲ ਜਾਵੇ । ਜੇ ਸਰਕਾਰੀ ਆਵਾਜਾਈ ਤੋਂ ਪਾਬੰਦੀ ਹਟਾ ਦਿੱਤੀ ਜਾਵੇ ਤਾਂ 50 ਸਾਲ ਪੁਰਾਣਾ ਭਾਈਚਾਰਾ ਫਿਰ ਬਣ ਸਕਦਾ ਹੈ । ਪਰ ਅਜਿਹਾ ਹੋ ਨਹੀਂ ਸਕਦਾ । ਦੇਸ਼ ਦੇ ਕਾਨੂੰਨ, ਨੀਯਮ ਤੇ ਸ਼ੈਤਾਨ ਲੋਕਾਂ ਦਾ ਭੈਅ ਇਸ ਵਿੱਚ ਬਾਧਕ ਹਨ । ਪਾਕਿਸਤਾਨੀ ਬੱਸਾਂ ਵਿੱਚ ਹਿੰਦੁਸਤਾਨੀ ਫਿਲਮੀ ਗੀਤ ਵਜਾਏ ਜਾਂਦੇ ਹਨ, ਲੋਕ ਭਾਰਤੀ ਫਿਲਮਾਂ ਦੇ ਬੜੇ ਸ਼ੌਕੀਨ ਹਨ । ਵੀ.ਸੀ.ਆਰ. ਤੇ ਫਿਲਮਾਂ ਵੇਖਦੇ ਹਨ । ਭਾਰਤੀ ਫਿਲਮੀ ਅਦਾਕਾਰਾਂ ਦੇ ਚਿੱਤਰ ਬਾਜ਼ਾਰਾਂ ਵਿੱਚ ਵਿਕਦੇ ਹਨ । ਸ੍ਰੀਦੇਵੀ, ਮਾਧੁਰੀ, ਜੂਹੀ ਚਾਵਲਾ, ਸੰਜੇ ਦੱਤ ਤੇ ਅਮਿਤਾਬ ਬਚਨ ਆਦਿ ।

ਚਲੋ ਹੁਣ ਫਿਰ ਅਟਾਰੀ ਸਟੇਸ਼ਨ ਚਲਦੇ ਹਾਂ । ਸ਼ਾਮ ਸਿੰਘ ਅਟਾਰੀ ਦੇ ਨਾਮ ਤੇ ਇਹ ਕਸਬਾ ਹੈ । ਰੇਲਵੇ ਸਟੇਸ਼ਨ ਨੂੰ ਵੀ ਉਸਦਾ ਨਾਮ ਦਿੱਤਾ ਗਿਆ ਹੈ । ਸਟੇਸ਼ਨ ਕਾਫੀ ਵੱਡਾ ਹੈ । ਹਰ ਜ਼ਿਲ੍ਹੇ ਵਿੱਚ ਵੱਖਰਾ ਬੂਥ ਹੈ । ਜਿਥੇ ਉਸ ਜ਼ਿਲ੍ਹੇ ਦੇ ਯਾਤਰੀ ਦੇ ਕਾਗਜ਼ ਪੱਤਰ ਦੇਖੇ ਜਾਂਦੇ ਹਨ । ਕਰੰਸੀ ਬਦਲਣ ਦਾ ਕਾਊਂਟਰ ਬਣਾਇਆ ਹੋਇਆ ਹੈ । ਕੇਵਲ ਬੋਰਡ ਹੀ ਲੱਗਾ ਹੋਇਆ ਸੀ ਆਦਮੀ ਕੋਈ ਨਹੀਂ ਸੀ । ਬਚੀ ਹੋਈ ਪਾਕਿਸਤਾਨੀ ਕਰੰਸੀ ਹੱਥ ਵਿੱਚ ਫੜੀ ਇੱਧਰ ਉਧਰ ਟੱਕਰਾਂ ਮਾਰਦੇ ਰਹੇ । ਥੱਕ ਹਾਰ ਕੇ ਗੱਡੀ ਵਿੱਚ ਬੈਠ ਗਏ । ਇਸ ਉਮੀਦ ਤੇ ਕਿ ਅੰਮ੍ਰਿਤਸਰ ਜਾ ਕੇ ਬਦਲਾਂਗੇ । ਵਾਘਾ ਬਾਰਡਰ ਉਤੇ ਕਰੰਸੀ ਬਦਲੇ ਡਾਲਰ ਦਿੱਤੇ ਗਏ । ਪਰ ਥੋੜ੍ਹੀ ਕਰੰਸੀ ਲਈ ਡਾਲਰ ਉਪਲੱਬਧ ਨਹੀਂ ਸੀ । ਅੰਮ੍ਰਿਤਸਰ ਪੁੱਜ ਕੇ 92/- ਰੁਪਏ, ਦੇ ਹਿਸਾਬ ਨਾਲ ਕਰੰਸੀ ਬਦਲੀ ਗਈ । ਕਈ ਯਾਤਰੀ ਬੱਸ ਰਾਹੀਂ, ਕੋਈ ਰੇਲ ਗੱਡੀ ਤੇ, ਇੱਕ ਦੂਜੇ ਨੂੰ ਅਲਵਿਦਾ, ਸਤਿ ਸ੍ਰੀ ਅਕਾਲ ਆਦਿ ਕਹਿੰਦੇ ਹੋਏ ਵਿਦਾ ਹੋਣ ਲਈ ਆਪਣੀ ਮੰਜ਼ਲ ਵੱਲ ਤੁਰ ਪਏ ।

---


*With best Compliments from*

**SINGH Cycle & Auto Industries**

*Authorised Dealers :* Exide Battries, Pennzoil Lubricants, Ceat, Good Year, TVS tyres-tubes, Car Parts etc.

SHOP NO. 36, SECTOR 15-D, CHANDIGARH
RESI.: H.No. 548, SEC. 10-D, CHANDIGARH
Phone : 773884 (S)
547195 (R)

*With best Compliments from*

**Kings Way**

SCHOOL UNIFORM PEOPLE

S.C.F. 15, Sector 22-C, Chandigarh

# ਪ੍ਰਸਿੱਧ ਸੰਗੀਤਕਾਰ
# ਪੰਡਤ ਵਿਨੈ ਚੰਦਰ ਮੁਅਦਗਿਲ

ਡਾ. ਮਨਵਿੰਦਰ ਕੌਰ



ਪੰਡਤ ਵਿਨੈ ਚੰਦਰ ਮੁਅਦਗਿਲ ਜਿਹਨਾਂ ਨੂੰ ਕੁਝ ਲੋਕ ਸਤਿਕਾਰ ਨਾਲ "ਭਾਈ ਜੀ" ਕਹਿ ਕੇ ਪੁਕਾਰਦੇ ਹਨ ਉਹਨਾਂ ਗਿਣੇ ਚੁਣੇ ਸੰਗੀਤਕਾਰਾਂ ਵਿੱਚੋਂ ਇੱਕ ਸਨ ਜਿਹੜੇ ਕਿਰਿਆਤਮਕ ਅਤੇ ਸਿਧਾਂਤਕ ਸੰਗੀਤਕਾਰੀ ਵਿੱਚ ਇੱਕੋ ਜਿੰਨੇ ਨਿਪੁਨ ਸਨ । ਇਸ ਤੋਂ ਵੱਡੀ ਗੱਲ ਕਿ ਉਹ ਸੰਗੀਤ ਦੇ ਸਿੱਖਿਆ ਦਾਤਾ ਵੀ ਸਨ ।

ਪੰਡਤ ਜੀ ਦਾ ਜਨਮ 1918 ਨੂੰ ਹਰਿਦੁਆਰ ਵਿੱਚ ਹੋਇਆ । ਆਪ ਦੇ ਪਿਤਾ ਕਿਰਪਾ ਰਾਮ ਆਪ ਨੂੰ ਸਾਹਿਤਕਾਰ ਬਣਾਉਣਾ ਚਾਹੁੰਦੇ ਸਨ । ਪਰ ਆਪ ਦੀ ਰੁਚੀ ਸ਼ੁਰੂ ਤੋਂ ਹੀ ਸੰਗੀਤਕਾਰ ਬਣਨ ਦੀ ਸੀ । ਇਸ ਲਈ ਆਪ ਦੇ ਭਰਾਤਾ ਨੇ ਆਪ ਨੂੰ ਪੰਡਤ ਵਿਸ਼ਨੂ ਦਿਗੰਬਰ ਪਲੁਸਕਰ ਜੀ ਦੇ ਵਿਦਿਆਲੇ ਲਾਹੌਰ ਸੰਗੀਤ ਸਿੱਖਣ ਲਈ ਭੇਜ ਦਿੱਤਾ । ਇਥੇ ਆ ਕੇ ਆਪਨੇ ਪੰਡਤ ਵਿਸ਼ਨੂ ਦਿਗੰਬਰ ਪਲੁਸਕਰ ਜੀ ਅਤੇ ਪੰਡਤ ਵਿਨਾਇਕ ਰਾਓ ਪਟਵਰਧਨ ਜੀ ਪਾਸੋਂ ਸੰਗੀਤ ਸਿੱਖਿਆ ਹਾਸਲ ਕੀਤੀ ।

ਸੰਗੀਤ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਆਪ ਨੇ 1940 ਵਿੱਚ ਦਿੱਲੀ ਵਿਖੇ ਸੰਗੀਤ ਵਿਦਿਆਲਾ ਆਰੰਭ ਕੀਤਾ ਜਿਸ ਦਾ ਨਾਮ ਗੰਧਰਵ ਮਹਾਂਵਿਦਿਆਲਾ ਰੱਖਿਆ ਗਿਆ । ਇਸ ਵਿਦਿਆਲੇ ਰਾਹੀਂ ਆਪ ਨੇ ਹਜ਼ਾਰਾਂ ਹੀ ਸੰਗੀਤ ਦੇ ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ । ਆਪ 'ਸੰਗੀਤਕਲਾ ਵਿਹਾਰ' ਅਤੇ 'ਇੰਡੀਅਨ ਮਿਊਜ਼ੀਕਲ ਜਨਰਲ' ਦੇ ਸੰਪਾਦਕ ਰਹੇ । ਆਪ ਨੇ ਪੰਡਤ ਓਅੰਕਾਰ ਨਾਥ ਠਾਕੁਰ ਦੀ ਜੀਵਨੀ ਅਤੇ 'ਸੰਗੀਤ ਮੰਜਰੀ' ਨਾਮਕ ਪੁਸਤਕਾਂ ਵੀ ਲਿਖੀਆਂ । ਆਪ ਕਈ ਯੂਨੀਵਰਸਿਟੀਆਂ ਦੇ ਬੋਰਡ ਆਪ ਸਟੱਡੀਜ਼ ਦੇ ਮੈਂਬਰ, ਅਕਾਸ਼ਬਾਣੀ ਦੇ ਸਲਾਹਕਾਰ ਅਤੇ ਹੋਰ ਬਹੁਤ ਸਾਰੀਆਂ ਸੰਗੀਤ-ਸੰਸਥਾਵਾਂ ਵਿੱਚ ਉਚੇ ਅਹੁਦਿਆਂ ਤੇ ਬਿਰਾਜਮਾਨ ਰਹੇ ।

ਆਪ ਦਾ ਦੇਹਾਂਤ 1995 ਨੂੰ ਹੋਇਆ । ਪਰ ਆਪ ਦਾ ਸਾਰਾ ਪਰਿਵਾਰ ਹੁਣ ਵੀ ਸੰਗੀਤ ਖੇਤਰ ਵਿੱਚ ਯੋਗਦਾਨ ਪਾ ਰਿਹਾ ਹੈ । ਆਪ ਦੀ ਪਤਨੀ ਪਦਮਾਵਤੀ ਜੀ ਉਚ ਕੋਈ ਦੀ ਗਾਇਕਾ ਹੈ । ਆਪ ਦੀ ਪੁੱਤਰੀ ਸਾਧਵੀ ਮੁਅਦਗਿਲ ਇੱਕ ਪ੍ਰਸਿੱਧ ਨਰਤਕੀ ਹੈ ।


## ਸੁਨਹਿਰੀ ਮੌਕਾ

ਆਪ ਜੀ 'ਅੰਮ੍ਰਿਤ ਕੀਰਤਨ' ਦਾ ਦੋ ਸਾਲ ਦਾ ਸਲਾਨਾ ਚੰਦਾ 200 ਰੁ. ਇਕੱਠਾ ਭੇਜ ਕੇ 'ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ' ਪੁਸਤਕ ਮੁਫਤ ਪ੍ਰਾਪਤ ਕਰ ਸਕਦੇ ਹੋ ।

ਅੰਮ੍ਰਿਤ ਕੀਰਤਨ ਟ੍ਰਸਟ
422, ਸੈਕਟਰ 15-ਏ
ਚੰਡੀਗੜ੍ਹ - 160005

# ਪ੍ਰਸ਼ਨਾਵਲੀ - 3



1. ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀ ਕਿਹੜੀ ਗਾਇਨ ਸ਼ੈਲੀ ਦਾ ਅਰੰਭ ਕੀਤਾ ?
2. ਰਾਗ ਪਟਦੀਪ ਦੀ ਜਾਤੀ ਕੀ ਹੈ ?
3. ਰਾਗ ਪਟਦੀਪ ਕਿਹੜੇ ਥਾਟ ਦਾ ਰਾਗ ਹੈ ?
4. ਰਾਗ ਦੇਸ਼ਕਾਰ ਦਾ ਆਰੋਹ-ਅਵਰੋਹ ਲਿਖੋ ?
5. ਤਿੰਨ ਤਾਲ ਦੇ ਬੋਲਾ, ਵਿਭਾਗ, ਤਾਲੀ, ਖਾਲੀ ਸਮੇਤ ਲਿਖੋ ?

ੳ. ਤੁਸੀਂ ਅੰਮ੍ਰਿਤ ਕੀਰਤਨ ਕਦੋਂ ਤੋਂ ਪੜ੍ਹ ਰਹੇ ਹੋ ?

ਅ. ਅੰਮ੍ਰਿਤ ਕੀਰਤਨ ਤੁਹਾਨੂੰ ਕਿਉਂ ਚੰਗਾ ਲਗਦਾ ਹੈ ?

ੲ. ਪੰਜਾਬੀ ਦੇ ਹੋਰ ਕਿਹੜੇ ਕਿਹੜੇ ਰਸਾਲੇ ਪੜ੍ਹਦੇ ਹੋ ?

ਉਤਰ ਭੇਜਣ ਸਮੇਂ ਆਪਣਾ ਨਾਮ, ਪਤਾ, ਉਮਰ, ਰੁਚੀ, ਪੜ੍ਹਾਈ ਅਤੇ ਕੰਮ ਕਿੱਤੇ ਬਾਰੇ ਜ਼ਰੂਰ ਦਸੋ ਜੀ ।

**ਪਿਛਲੇ ਮਹੀਨੇ ਇਨਾਮ ਪ੍ਰਾਪਤ ਕਰਨ ਵਾਲਿਆਂ ਦੇ ਨਾਮ**

1. ਜੀ ਐਸ. ਭੱਲਾ<br>ਵੈਸ਼ਨਵ ਨਿਵਾਸ<br>ਨੇੜੇ ਸੀਤਲਾ ਮਾਤਾ ਮੰਦਰ<br>ਅਰਕੀ, ਜ਼ਿਲਾ ਸੋਲਨ
2. ਭਾਈ ਅਵਤਾਰ ਸਿੰਘ ਰਾਗੀ<br>ਗੁ: ਬਾਬਾ ਅਜਾਪਾਲ ਸਿੰਘ<br>ਨਾਭਾ, ਜ਼ਿਲਾ ਪਟਿਆਲਾ
3. ਮਿਸਜ਼ ਕੁਲਵੰਤ ਕੌਰ<br>ਸੁਪਤਨੀ ਸ੍ਰ. ਜਗਮੋਹਨ ਸਿੰਘ ਮਲਹੋਤਰਾ<br>ਮਕਾਨ ਨੰ: 7. ਪੰਜਾਬ ਮਾਤਾ ਨਗਰ<br>ਪਖੋਵਾਲ ਰੋਡ, ਲੁਧਿਆਣਾ
4. ਪਰਮਜੀਤ ਕੌਰ ਖਾਲਸਾ<br>3, ਰਾਜਾ ਕੀ ਚਾਲ<br>ਆਦਰਸ਼ ਲੇਨ, ਜਵਾਹਰ ਨਗਰ<br>ਖਾਰ (ਈ.) ਮੁੰਬਈ-40005

**ਪਿਛਲੇ ਮਹੀਨੇ ਸੰਗੀਤਕ ਪ੍ਰਸ਼ਨਾਂ ਦੇ ਠੀਕ ਉਤਰ :** (1) ਮਿਰਦੰਗ (2) ਰਾਗ ਜੈਜੈਵਤੀ (3) ਵਾਦੀ ਪੰਚਮ ਸੰਵਾਦੀ ਸ਼ਡਜ (4) ਆਰੋਹ ਵਿਚ ਗੰਧਾਰ ਨਿਸ਼ਾਦ ਵਰਜਿਤ (5) ਸਮ x ਖਾਲੀ O

# ਸਾਡੇ ਕੀਰਤਨੀਏ

## ਭਾਈ ਅਵਤਾਰ ਸਿੰਘ ਰਾਗੀ



ਭਾਈ ਅਵਤਾਰ ਸਿੰਘ ਜੀ ਹੰਸ ਦਾ ਜਨਮ ਪ੍ਰਸਿੱਧ ਰਾਗੀ ਅਤੇ ਪ੍ਰਸਿੱਧ ਵੈਦ ਭਾਈ ਹਰਬੰਸ ਸਿੰਘ ਜੀ ਹੰਸ ਅਤੇ ਮਾਤਾ ਗੁਰਚਰਨ ਕੌਰ ਤੇ ਘਰ ਪਿੰਡ ਅਲਾਲ (ਸੰਗਰੂਰ) ਵਿਖੇ ਮਿਤੀ 11 ਨਵੰਬਰ 1969 ਨੂੰ ਹੋਇਆ। ਭਾਈ ਅਵਤਾਰ ਸਿੰਘ ਨੇ ਨਾਭਾ ਵਿਖੇ ਮੈਟ੍ਰਿਕ ਕਰਨ ਤੋਂ ਬਾਅਦ ਸੰਨ 1981 ਵਿਚ ਪ੍ਰਸਿੱਧ ਤਬਲਾ ਵਾਦਕ ਭਾਈ ਮੁਖਤਿਆਰ ਸਿੰਘ ਮੁਖੀ ਪਾਸੋਂ ਤਬਲਾ ਸਿਖਿਆ। ਗੁਰਬਾਣੀ ਅਤੇ ਗੁਰਮਤਿ ਦਾ ਗਿਆਨ ਅਵਤਾਰ ਸਿੰਘ ਜੀ ਨੂੰ ਆਪਣੇ ਵਿਰਸੇ ਵਿਚੋਂ ਪ੍ਰਾਪਤ ਹੋਇਆ। ਰਾਗੀ ਲਾਲ ਸਿੰਘ ਜੀ ਧਨੌਲਾ ਜੋ ਪੰਥ ਰਤਨ ਮਹਾਨ ਸੰਗੀਤ ਅਚਾਰਿਆ ਉਸਤਾਦ ਭਾਈ ਜਸਵੰਤ ਸਿੰਘ ਕੁਲਾਰਾਂ ਵਾਲਿਆਂ ਦੇ ਸ਼ਗਿਰਦ ਹਨ ਉਹਨਾਂ ਪਾਸੋਂ ਤਬਲੇ ਦੀ ਸਿਖਿਆ ਲਈ। ਇਸ ਤੋਂ ਬਾਅਦ ਸੰਗਰੂਰ ਦੇ ਪ੍ਰੋਫੈਸਰ ਗੁਰਜੰਟ ਸਿੰਘ ਜੀ ਜੋ ਕਿ ਬਰੇਲੀ ਦੇ ਉਸਤਾਦ ਸ਼ਬੀਰੱਖਾ ਅਤੇ ਪੰਡਿਤ ਚਿੰਤਾਮਣੀ ਜੀ ਦੇ ਸ਼ਗਿਰਦ ਹਨ ਉਹਨਾਂ ਪਾਸੋਂ ਬਕਾਇਦਾ ਤਬਲਾ ਦੀ ਸਿਖਿਆ ਪ੍ਰਾਪਤ ਕੀਤੀ। ਉਸ ਤੋਂ ਬਾਦ ਸਨ 1989 ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਲੋਟ ਵਿੱਚ ਆਪਣੇ ਪਿਤਾ ਭਾਈ ਹਰਬੰਸ ਸਿੰਘ ਹੰਸ ਨਾਲ ਤਬਲੇ ਦੀ ਡਿਊਟੀ ਸ਼ੁਰੂ ਕੀਤੀ। ਸੰਨ 1981 ਤੋਂ ਲੈ ਕੇ 1996 ਤਕ ਆਪਣੇ ਪਿਤਾ ਜੀ ਨਾਲ ਸੰਗੀਤ ਦੀ ਸਿਖਿਆ ਪ੍ਰਾਪਤ ਕੀਤੀ। ਆਪ ਨੇ ਡੀ. ਏ.ਵੀ. ਕਾਲਜ ਦੇ ਸੰਗੀਤ ਵਿਭਾਗ ਦੇ ਇੰਚਾਰਜ ਪ੍ਰੋਫੈਸਰ ਡਾ. ਡੀ.ਐਸ. ਨਰੂਲਾ ਜੀ ਪਾਸੋ ਵੀ ਸੰਗੀਤ ਦੀ ਸਿਖਿਆ ਪ੍ਰਾਪਤ ਕੀਤੀ। ਫਿਰ ਇਹਨਾਂ ਨੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਦੇ ਸੈਂਟਰ ਸੰਗੀਤ ਸੇਵਾ ਸਦਨ ਰਾਹੀਂ ਤਬਲਾ ਅਤੇ ਵੋਕਲ ਦੀ ਡਿਗਰੀ ਹਾਸਲ ਕੀਤੀ। ਸੰਗੀਤ ਸਿਖਣ ਤੋਂ ਬਾਅਦ ਇਹ ਲਗਭਗ 80-90 ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਿਆ ਦੇ ਚੁਕੇ ਹਨ। ਭਾਈ ਅਵਤਾਰ ਸਿੰਘ ਜੀ ਸਕੂਲਾਂ ਕਾਲਜਾਂ ਵਿਚ ਤਬਲੇ ਦੀ ਕਲਾ ਦਾ ਪ੍ਰਦਰਸ਼ਨ ਕਈ ਵਾਰ ਕਰ ਚੁਕੇ ਹਨ ਅਤੇ ਬਹੁਤ ਸਾਰੇ ਇਨਾਮ ਹਾਸਲ ਕਰ ਚੁਕੇ ਹਨ। ਅਦਬੀ ਸੰਗਤ ਮਲੋਟ ਵਲੋਂ ਆਯੋਜਨ 'ਗਜ਼ਲ ਉਸ ਨੇ ਛੇੜੀ' ਪ੍ਰਗਰਾਮ ਵਿਚ ਡਾ: ਡੀ. ਐਸ. ਨਰੂਲਾ ਨਾਲ ਭਾਈ ਅਵਤਾਰ ਸਿੰਘ ਜੀ ਨੇ ਤਬਲੇ ਤੇ ਸਾਥ ਦਿਤਾ। ਡੀ. ਏ. ਵੀ. ਕਾਲਜ ਜਲਾਲਾਬਾਦ ਅਤੇ ਮਲੋਟ ਦੇ ਯੂਥ ਫੈਸਟੀਵਲ ਵਿੱਚ ਆਰਕੈਸਟਰਾ, ਵੋਕਲ ਕਲਾਸੀਕਲ, ਸਿਤਾਰ ਅਤੇ ਹੋਰ ਇੰਸਟਰੂਮੈਂਟਸ ਨਾਲ ਤਬਲੇ ਦੀ ਸੰਗਤ ਕੀਤੀ। ਸਿੱਖ ਪੰਥ ਰਤਨ ਸਵ: ਭਾਈ ਬਖਸ਼ੀਸ਼ ਸਿੰਘ ਜੀ ਨਾਲ ਤਬਲਾ ਵਜਾਉਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਤਰ੍ਹਾਂ ਸੰਤ ਨਿਰੰਜਣ ਸਿੰਘ ਜਵੱਦੀ ਕਲਾਂ, ਵਾਲੇ ਭਾਈ ਹਰਪਾਲ ਸਿੰਘ ਦਮਦਮੀ ਟਕਸਾਲ, ਪ੍ਰੋਫੈਸਰ ਮੁਕਟ ਬਿਹਾਰੀ ਸ਼ਰਮਾ ਤੇ ਬੀਬੀ ਕਰਨਬੀਰ ਕੌਰ ਮੁਹਾਲੀ ਵਰਗੇ ਪ੍ਰਸਿੱਧ ਕਲਾਕਾਰਾਂ ਨਾਲ ਤਬਲੇ ਦੀ ਸੰਗਤ ਕਰਨ ਦਾ ਮੌਕਾ ਮਿਲਿਆ ਅਤੇ ਵਿਸ਼ੇਸ਼ ਇਨਾਮ ਅਦਬੀ ਸੰਗਤ ਮਲੋਟ, ਪੰਜਾਬੀ ਸਾਹਿਤ ਸਭਾ ਗਿਦੜਬਾਹਾ, ਸੰਗੀਤ ਸੇਵਾ ਸਦਨ ਬਠਿੰਡਾ ਅਤੇ ਹੋਰ ਸੰਗੀਤਕ ਸਭਾਵਾਂ, ਧਾਰਮਿਕ ਸਮਾਗਮਾਂ ਵਿਚੋਂ ਹਾਸਲ ਕੀਤੇ। ਡੀ.ਏ.ਵੀ. ਕਾਲਜ ਮਲੋਟ ਵਿਚ ਕੁਝ ਸਮਾਂ ਤਬਲੇ ਦੀ ਸਰਵਿਸ ਕਰਨ ਦਾ ਮੌਕਾ ਮਿਲਿਆ। ਪ੍ਰਿੰਸੀਪਲ ਬਲਦੇਵ ਸਿੰਘ ਦਿਲੀ, ਭਾਈ ਜਸਬੀਰ ਸਿੰਘ ਪਾਂਉਟਾ ਸਾਹਿਬ, ਭਾਈ ਨਿਰਮਲ ਸਿੰਘ ਖਾਲਸਾ ਆਦਿ ਰਾਗੀਆਂ ਤੋਂ ਕਾਫੀ ਪ੍ਰਭਾਵਿਤ ਹੋਏ।

# ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਛੇਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ - '96



"ਅੱਜ ਇਸ ਗੱਲ ਦੀ ਬੜੀ ਤੀਬਰਤਾ ਨਾਲ ਲੋੜ ਹੈ ਕਿ ਸ਼ਬਦਾਵਤਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਨੂੰ ਉਨ੍ਹਾਂ ਨਿਰਧਾਰਤ ਰਾਗਾਂ ਵਿਚ ਹੀ ਗਾਇਆ ਤੇ ਸੁਣਿਆ ਜਾਵੇ, ਜਿਨ੍ਹਾਂ ਰਾਗਾਂ ਵਿਚ ਗੁਰੂ ਸਾਹਿਬਾਨ ਨੇ ਉਨ੍ਹਾਂ ਸ਼ਬਦਾਂ ਨੂੰ ਖ਼ੁਦ ਉਲੀਕਿਆ ਤੇ ਗਾਂਵਿਆ ਹੈ ।

ਸੰਤ ਬਾਬਾ ਸੁੱਚਾ ਸਿੰਘ ਜੀ ਇਸ ਕਾਰਜ ਨੂੰ ਨੇਪਰੇ ਚਾੜ੍ਹ ਕੇ ਰੱਬ ਸੱਚੇ ਦੀ ਸੱਚੀ-ਸੁੱਚੀ, ਖ਼ੁਸ਼ੀ ਹਾਸਿਲ ਕਰਕੇ, ਨਦਰੀ ਨਦਰਿ ਨਿਹਾਲ ਹੋ ਅਤੇ ਕਰ ਰਹੇ ਹਨ । ਨਿਰਸੰਦੇਹ ਇਹ ਇੱਕ ਸ਼ਲਾਘਾਯੋਗ ਉਦਮ ਹੈ ਕਿ "ਰੱਬ ਦੇ ਗੀਤ ਉਸੇ ਦੀ ਪ੍ਰੀਤ ਧੁੰਨ ਵਿਚ ਗਾਏ ਜਾਣ । ਸੰਸਾਰਕ ਤੇ ਵਿਉਪਾਰਕ ਜਿਹੀਆਂ ਧੁਨਾਂ ਵਿਚ ਨਹੀਂ ।"

ਉਪਰੋਕਤ ਵਿਚਾਰ ਸਿੰਘ ਸਾਹਿਬ ਜਥੇਦਾਰ ਰਣਜੀਤ ਸਿੰਘ ਜੀ ਨੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਬੀਤੇ ਦਿਨੀਂ ਆਯੋਜਿਤ ਹੋਏ 'ਛੇਵੇਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ' ਵਿਚ ਕਹੇ । ਇਸ ਸਮਾਗਮ ਵਿਚ ਆਪਣੇ ਵਿਚਾਰ ਰੱਖਦਿਆਂ ਸਿੰਘ ਸਾਹਿਬ ਭਾਈ ਹਰਭਜਨ ਸੰਘ ਖ਼ਾਲਸਾ (ਯੋਗੀ) ਜੀ ਨੇ ਕਿਹਾ ਕਿ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਨਿਰਧਾਰਿਤ ਰਾਗਾਂ ਵਿਚ ਬਾਣੀ ਗਾਇਨ ਦੀ ਪਰੰਪਰਾ ਨੂੰ ਪੁਨਰ-ਸੁਰਜੀਤ ਕਰਕੇ ਸਿੱਖ ਕੌਮ ਨੂੰ ਪੁਨਰ-ਜਾਗ੍ਰਿਤ ਕਰਨ ਦਾ ਜੋ ਵਿਸ਼ੇਸ਼ ਉਦਮ ਹੋ ਰਿਹਾ ਹੈ, ਇਸ ਦੀ ਜਿੰਨੀ ਪ੍ਰਸੰਸਾ ਕੀਤੀ ਜਾਵੇ, ਥੋੜ੍ਹੀ ਹੈ । ਸੌ ਦੇ ਕਰੀਬ ਅਮਰੀਕਨ ਸਿੰਘਾਂ ਨਾਲ ਉਚੇਚੇ ਤੌਰ 'ਤੇ ਅਮਰੀਕਾ ਤੋਂ ਆ ਕੇ ਇਸ ਸੰਮੇਲਨ ਵਿਚ ਸ਼ਾਮਲ ਹੋਣ ਵਾਲੇ ਸਿੰਘ ਸਾਹਿਬ ਨੇ ਬੜੇ ਭਾਵੁਕ ਅੰਦਾਜ਼ ਵਿਚ ਸਿੱਖੀ ਰਹੁ-ਰੀਤਾਂ ਦੀ ਗੱਲ ਕਰਦਿਆਂ ਕਿਹਾ ਕਿ ਖ਼ਾਲਸਾ ਪੰਥ ਧੰਨਤਾ ਦੇ ਯੋਗ ਹੈ, ਜਿਹੜਾ ਗੁਰੂ ਦੀਆਂ ਅਪਾਰ ਬਖ਼ਸ਼ਿਸ਼ਾਂ ਤੇ ਰਹਿਤ ਮਰਿਯਾਦਾ ਦੀ ਨਿਵੇਕਲੀ ਅਮੀਰੀ ਨਾਲ ਮਾਲਾਮਾਲ ਹੈ ਪਰ ਉਸ ਵੱਲੋਂ ਆਪਣੇ ਵਿਰਸੇ ਨੂੰ ਭੁੱਲਣਾ, ਉਹਦੀ ਬੌਧਿਕ ਗਰੀਬੀ ਦਾ ਪ੍ਰਗਟਾਵਾ ਹੈ । ਉਨ੍ਹਾਂ ਨੇ ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਅਪੀਲ ਕੀਤੀ ਕਿ ਉਹ ਆਉਂਦੇ ਸਮੇਂ ਵਿੱਚ ਪੱਛਮੀ ਮੁਲਕਾਂ ਵਿਚ ਵੱਸਦੇ ਗੁਰ ਸਿੱਖਾਂ ਨੂੰ ਵੀ ਅਦੁੱਤੀ ਸੰਗੀਤ ਦੇ ਇਸ ਵਿਰਸੇ ਨਾਲ ਜੋੜਨ ਅਤੇ ਅਗਲਾ ਸੰਗੀਤ ਸੰਲੇਲਨ ਅਮਰੀਕਾ ਵਿਚ ਆਯੋਜਿਤ ਕਰਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਗੁਰਤਾ-ਗੱਦੀ ਪੁਰਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਚਖੰਡ ਗਮਨ ਦਿਹਾੜਿਆਂ ਦੌਰਾਨ ਫੈਲੇ ਇਸ ਪੰਜ-ਰੋਜ਼ਾ ਸੰਮੇਲਨ ਦਾ ਆਰੰਭ ਪੰਜ ਪਿਆਰਿਆਂ ਵੱਲੋਂ ਕੀਤੀ ਅਰਦਾਸ ਨਾਲ ਹੋਇਆ । ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਮੁੱਖ ਜਥੇਦਾਰ ਬਾਬਾ ਹਜ਼ੂਰਾ ਸਿੰਘ, ਮੀਤ ਜਥੇਦਾਰ ਬਾਬਾ ਰਤਨ ਸਿੰਘ, ਮੁੱਖ ਗ੍ਰੰਥੀ ਬਾਬਾ ਜੋਗਿੰਦਰ ਸਿੰਘ, ਬਾਬਾ ਕੁਲਵੰਤ ਸਿੰਘ, ਬਾਬਾ ਅਮਰ ਸਿੰਘ, ਸੀਨੀਅਰ ਮੀਤ ਪ੍ਰਧਾਨ ਐਸ, ਜੀ. ਪੀ.ਸੀ, ਸ੍ਰ: ਓਂਕਾਰ ਸਿੰਘ ਮੱਤੇਨੰਗਲ, ਸੀਨੀਅਰ ਮੈਂਬਰ ਸ. ਰਾਮ ਸਿੰਘ ਜੀ, ਸ: ਗਰੇਵਾਲ, ਮੈਂਬਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰ. ਤਰਲੋਚਨ ਸਿੰਘ ਦਿੱਲੀ, ਸ. ਦਲਬੀਰ ਸਿੰਘ, ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ, ਸ. ਹਰਬੰਸ ਸਿੰਘ, ਨਿਊਯਾਰਕ, ਸ. ਮਹਿੰਦਰ ਸਿੰਘ ਬਰਾੜ, ਕੈਨੇਡਾ ਆਦਿ ਪੰਜ ਪਿਆਰਿਆਂ ਦੇ ਅੰਗ-ਸੰਗ, ਬੋਰਡ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ ਸੰਗਤਾਂ ਦੇ ਵਿਸ਼ਾਲ ਹਜੂਮ ਸਹਿਤ ਤਖ਼ਤ ਸਾਹਿਬ ਤੋਂ ਮਹਾਰਾਜਾ ਰਣਜੀਤ ਸਿੰਘ ਨਿਵਾਸ ਸਾਹਵੇਂ ਬਣੇ ਵਿਸ਼ਾਲ ਪੰਡਾਲ ਵਿਚ ਨਗਰ ਕੀਰਤਨ ਦੇ ਰੂਪ ਵਿੱਚ ਪੁੱਜੇ ।

ਜੈਕਾਰਿਆਂ ਦੀ ਗੂੰਜ ਵਿੱਚ ਆਰੰਭ ਹੋਏ ਇਸ ਸੰਮੇਲਨ ਵਿਚ ਪਹਿਲੇ ਦਿਨ ਅਮਰੀਕਨ ਸਿੰਘਾਂ ਦੇ ਜਥੇ ਵੱਲੋਂ ਕੀਤੇ ਕੀਰਤਨ ਤੋਂ ਇਲਾਵਾ ਸਮੂਹ ਰਾਗੀ ਜਥਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਗੱਦੀ ਨਸ਼ੀਨੀ ਸੰਬੰਧੀ ਪਾਵਨ ਸ਼ਬਦਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ । ਨਿਰਧਾਰਤ ਸਮੇਂ ਦੌਰਾਨ ਨਿਰਧਾਰਤ ਰਾਗਾਂ ਵਿਚ ਗਾਏ ਸ਼ਬਦਾਂ ਦੇ ਇਸ ਪੰਜ-ਰੋਜ਼ਾ ਸੰਮੇਲਨ ਦਾ ਇਕ ਦਿਨ ਸਿਰਫ਼ ਸ੍ਰੀ ਦਸਮ ਗ੍ਰੰਥ ਦੀ ਬਾਣੀ ਦੇ ਗਾਇਨ

ਨੂੰ ਸਮਰਪਤ ਹੋਇਆ, ਜਿਸ ਵਿਚ ਪ੍ਰੋ. ਪਿਆਰਾ ਸਿੰਘ ਪਦਮ, ਡਾ. ਜੋਧ ਸਿਘ ਤੇ ਡਾ. ਧਰਮ ਸਿੰਘ (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੇ ਸ੍ਰੀ ਦਸਮ ਗ੍ਰੰਥ ਬਾਰੇ ਹੀ ਵਿਚਾਰ-ਵਟਾਂਦਰਾ ਕੀਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਉਚੇਚੇ ਤੌਰ 'ਤੇ ਪੁੱਜੇ ਡਾ. ਜਤਿੰਦਰਪਾਲ ਸਿੰਘ ਜੌਲੀ, ਲੁਧਿਆਣਾ ਤੋਂ ਗਿ: ਭਾਈ ਸਾਹਿਬ ਸਿੰਘ, ਉਸਤਾਦ ਜਸਵੰਤ ਸਿੰਘ ਭੰਵਰਾ, ਗਿ: ਅਮੀਰ ਸਿੰਘ, ਡਾ. ਬੀ.ਐਸ. ਰਤਨ, ਦਿੱਲੀ ਅਤੇ ਭਾਈ ਬਖ਼ਸ਼ੀਸ਼ ਸਿੰਘ ਨੰਦੇੜ ਨੇ ਸੰਗਤਾਂ ਨੂੰ ਨਿਹਾਲ ਕੀਤਾ ਜਿਸ ਦੀ ਸਟੇਜ ਸੇਵਾ ਭਾਈ ਗੁਰਚਰਨ ਸਿੰਘ ਸੰਘਾ, ਸੰਪਾਦਕ: 'ਸੱਚਖੰਡ ਪੱਤਰ', ਨੰਦੇੜ ਨੇ ਨਿਭਾਈ।

ਹਿੰਦੁਸਤਾਨ ਦੇ ਸੰਗੀਤ ਸਮਰਾਟ ਸਿੰਘ ਬੰਧੂ, ਭਾਈ ਤੇਜਪਾਲ ਸਿੰਘ ਤੇ ਸੁਰਿੰਦਰਪਾਲ ਸਿੰਘ ਤੋਂ ਇਲਾਵਾ ਦਿੱਲੀ ਤੋਂ ਭਾਈ ਬਲਜੀਤ ਸਿੰਘ, ਗੁਰਮੀਤ ਸਿੰਘ (ਦਿੱਲੀ), ਬਾਈ ਅਵਤਾਰ ਸਿੰਘ, ਬਲਦੀਪ ਸਿੰਘ (ਦਿੱਲੀ), ਬੀਬੀ ਜਸਵਿੰਦਰ ਕੌਰ (ਦਿੱਲੀ), ਭਾਈ ਬਲਬੀਰ ਸਿੰਘ, ਹਜ਼ੂਰੀ ਰਾਗੀ ਦਰਬਾਰ ਸਾਹਿਬ, ਭਾਈ ਨਰਿੰਦਰ ਸਿੰਘ, ਅੰਮ੍ਰਿਤਸਰ, ਭਾਈ ਸਰਬਜੀਤ ਸਿੰਘ ਰੰਗੀਲਾ (ਦੁਰਗ), ਸੰਤ ਨਿਰਮਲ ਸਿੰਘ (ਹਾਪੁੜ), ਭਾਈ ਗੁਰਦੇਵ ਸਿੰਘ (ਆਸਟ੍ਰੇਲੀਆ), ਪ੍ਰੋ. ਕਰਤਾਰ ਸਿੰਘ ਲੁਧਿਆਣਾ, ਭਾਈ ਗੁਰਵਿੰਦਰ ਪਾਲ ਸਿੰਘ, ਭਾਈ ਸੁਖਵੰਤ ਸਿੰਘ (ਜਵੱਦੀ ਕਲਾਂ), ਭ. ਇੰਦਰਜੀਤ ਸਿੰਘ ਨੂਰ (ਦਿੱਲੀ), ਸੰਤ ਸਤਿਨਾਮ ਸਿੰਘ (ਜਲੰਧਰ), ਪ੍ਰੋ. ਕੁਲਵਿੰਦਰ ਸਿੰਘ (ਜਲੰਧਰ), ਪਿਆਰਾ ਸਿੰਘ ਪਦਮ (ਗੁਹਾਟੀ), ਭਾ. ਕੁਲਜੀਤ ਸਿੰਘ, ਭਾ. ਗੁਰਚਰਨ ਸਿੰਘ (ਬਟਾਲਾ), ਗਿ. ਰਜਿੰਦਰ ਸਿੰਘ (ਲੁਧਿਆਣਾ), ਸ੍ਰ. ਦਲਬੀਰ ਸਿੰਘ (ਬੰਬਈ), ਸ੍ਰ. ਬਲਬੀਰ ਸਿੰਘ, ਪ੍ਰ: ਗੁ: ਨਾਨਕ ਝੀਰਾ (ਹੈਦਰਾਬਾ), ਹਜ਼ੂਰੀ ਰਾਗੀ ਸਚਖੰਡ ਸ੍ਰੀ ਹਜ਼ੂਰ ਸਾਹਿਬ ਭਾਈ ਰਾਜਿੰਦਰ ਸਿੰਘ ਤੇ ਬੀਬੀ ਗੁਰਪ੍ਰੀਤ ਕੌਰ ਨੰਦੇੜ ਤੋਂ ਇਲਾਵਾ ਸਥਾਨਕ ਕਲਾਕਾਰ ਪ੍ਰੋ. ਸ੍ਰੀ ਸ਼ਾਮ ਗੁੰਜਕਰ ਨੇ ਵੀ ਨਿਰਧਾਰਤ ਰਾਗਾਂ ਵਿਚਲੇ ਕੀਰਤਨ ਦਰਬਾਰ ਵਿਚ ਸ਼ਮੂਲੀਅਤ ਕੀਤੀ।

ਇੰਦੌਰ, ਭੂਪਾਲ, ਝਾਂਸੀ, ਗਵਾਲੀਅਰ, ਨਾਨਕ ਝੀਰਾ (ਬਿਦਰ), ਔਰੰਗਾਬਾਦ, ਹੈਦਰਾਬਾਦ, ਬਮਬਈ, ਪੂਨਾ, ਨਾਗਪੁਰ, ਦਿੱਲੀ ਅਤੇ ਪੰਜਾਬ ਤੋਂ ਉਚੇਚੇ ਤੌਰ 'ਤੇ ਪੁੱਜੀਆਂ ਅਣਗਿਣਤ ਸੰਗਤਾਂ ਤੋਂ ਇਲਾਵਾ ਸਥਾਨਕ ਸੰਗਤ ਨੇ ਇਸ ਸਮਾਰੋਹ ਵਿਚ ਹਰ ਪਲ ਬਰਸੇ ਅੰਮ੍ਰਿਤ ਕੀਰਤਨ ਦਾ ਰਸ ਮਾਣਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਚੇਚੇ ਤੌਰ ਤੇ ਸ੍ਰੀ ਅੰਮ੍ਰਿਤਸਰ ਤੋਂ ਭੇਜੀ ਇਤਿਹਾਸਕ ਚਿਤਰਾਂ ਦੀ ਨੁਮਾਇਸ਼ ਤੋਂ ਇਲਾਵਾ ਗੁਰਮਤਿ ਇਤਿਹਾਸ ਨਾਲ ਸੰਬੰਧਿਤ ਪੁਸਤਕਾਂ ਦੀ ਨੁਮਾਇਸ਼ ਵਿਚ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਅਤੇ ਵਿਸਮਾਦੁ ਨਾਦ ਜਵੱਦੀ ਕਲਾਂ, ਲੁਧਿਆਣਾ ਦੇ ਮਾਨਯੋਗ ਪ੍ਰਕਾਸ਼ ਪ੍ਰਕਾਸ਼ਮਾਨ ਕੀਤੀ ਗਏ।

ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਵੱਲੋਂ ਸਿੰਘ ਸਾਹਿਬ ਜਥੇਦਾਰ ਰਣਜੀਤ ਸਿੰਘ ਅਤੇ ਯੋਗੀ ਹਰਭਜਨ ਸਿੰਘ ਖ਼ਾਲਸਾ ਨੂੰ ਸਨਮਾਨਿਤ ਕਰਨ ਤੋਂ ਇਲਾਵਾ ਸਮੂਹ ਪ੍ਰਚਾਰਕਾਂ ਅਤੇ ਰਾਗੀ ਜਥਿਆਂ ਨੂੰ ਵੀ ਸਿਰਪਾਓ, ਦੁਸ਼ਾਲੇ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿਵੇਕਲੀ ਪੇਂਟਿੰਗ ਅਤੇ ਹੋਰ ਭੇਟਾਵਾਂ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਸਫਲ ਸੰਪੂਰਨਤਾ ਉਪਰੰਤ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਅਕਾਲ ਪੁਰਖ ਦਾ ਰੋਮ ਰੋਮ ਸ਼ੁਕਰਾਨਾ ਕਰਦਿਆਂ ਸਮੂਹ ਸੰਗਤਾਂ ਅਤੇ ਸਹਿਯੋਗੀ ਜਥਿਆਂ, ਜਥੇਬੰਦੀਆਂ, ਸਿੰਘ ਸਭਾਵਾਂ ਅਤੇ ਸਥਾਨਕ ਬੋਰਡ ਦਾ ਉਚੇਚਾ ਧੰਨਵਾਦ ਕੀਤਾ।

ਸਚਖੰਡ ਬੋਰਡ ਨੇ ਸ੍ਰੀ ਹਜ਼ੂਰ ਸਾਹਿਬ ਦੀ ਪਾਵਨ ਧਰਤ ਉਤੇ ਪਹਿਲੀ ਵਾਰ ਨਿਰਧਾਰਤ ਰਾਗਾਂ ਵਿਚ ਆਯੋਜਿਤ ਹੋਏ ਇਸ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਸੰਯੋਜਕ ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਤਖ਼ਤ ਸਾਹਿਬ ਅੰਤਰ ਪੂਰਨ ਮਰਯਾਦਾ ਅਨੁਸਾਰ ਸਨਮਾਨਿਤ ਕਰਦਿਆਂ ਪੰਜ ਸ਼ਸਤਰ : ਸ੍ਰੀ ਸਾਹਿਬ, ਤਰਿ, ਖੰਡਾ, ਚੱਕਰ ਅਤੇ ਕਟਾਰ ਬਖ਼ਸ਼ਿਸ਼ ਕੀਤੇ। ਪੰਜ ਪਿਆਰਿਆਂ ਨੇ ਮਹਾਰਾਜ ਦੀ ਹਜ਼ੂਰੀ ਵਿਚ ਕੇਸਰੀ ਚੋਲਾ ਪਹਿਨਾ ਕੇ ਬਾਬਾ ਜੀ ਨੂੰ ਨੀਲੀ ਦਸਤਾਰ ਸਜਾਉਂਦਿਆਂ ਅਰਦਾਸ ਕੀਤੀ ਕਿ ਅਕਾਲ ਪੁਰਖ ਉਨ੍ਹਾਂ ਨੂੰ ਅਜਿਹੀ ਗੌਰਵਮਈ ਸੇਵਾ ਤੇ ਵਿਰਸੇ ਦੀ ਸੰਭਾਲ ਲਈ ਹੋਰ ਉੱਦਮ ਤੇ ਬਲ ਬਖ਼ਸ਼ੇ। ਪੰਜ ਪਿਆਰਿਆਂ ਦੇ ਕਥਨ ਮੁਤਾਬਿਕ ਇਹ ਪੰਜ ਸ਼ਸਤਰਾਂ ਦੀ ਬਖ਼ਸ਼ਿਸ਼ ਉਸੇ ਪਰੰਪਰਾ ਦੀ ਪੁਨਰ-ਸੁਰਜੀਤੀ ਹੈ, ਜਿਸ ਮੁਜਬ ਦਸਮ ਪਿਤਾ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਸੇ ਤਖ਼ਤ ਤੋਂ ਤਕਰੀਬਨ 300 ਵਰ੍ਹੇ ਪਹਿਲਾਂ ਪੰਜ ਸ਼ਸਤਰ ਬਖ਼ਸ਼ ਕੇ ਪੰਜਾਬ ਵਿਚ ਜ਼ੁਲਮ ਦੇ ਟਾਕਰੇ ਲਈ ਭੇਜਿਆ ਸੀ। ਉਨ੍ਹਾਂ ਅਰਦਾਸ ਕੀਤੀ ਕਿ ਸੰਤ ਬਾਬਾ ਸੁੱਚਾ ਸਿੰਘ ਵੀ ਪੰਜਾਬ ਦੀ ਧਰਤੀ ਤੋਂ ਸੰਸਾਰ ਭਰ ਵਿਚ ਪਨਪ ਰਹੀਆਂ ਗਲਤ ਕੀਮਤਾਂ ਦੇ ਖ਼ਿਲਾਫ਼ ਜਹਾਦ ਕਰਨ। ਨਾਲ ਹੀ ਉਨ੍ਹਾਂ ਨੇ ਹੁਕਮ ਲਾਇਆ ਕਿ ਉਹ ਅੱਗੇ ਤੋਂ ਆਪਣੇ ਹੱਥ ਵਿਚ 'ਸਲੋਤਰ' ਦੀ ਥਾਂ 'ਤੀਰ ਜਾਂ ਸ੍ਰੀ ਸਾਹਿਬ' ਹੀ ਰੱਖਣ। ਅਗਲਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਆਯੋਜਿਤ ਕਰਨ ਲਈ ਤਖ਼ਤ ਸ੍ਰੀ ਪਟਨਾ ਸਾਹਿਬ, ਨਾਨਕ ਝੀਰਾ (ਬਿਦਰ) ਅਤੇ ਭੂਪਾਲ ਆਦਿ ਦੀਆਂ ਸੰਗਤਾਂ ਨੇ ਉਚੇਚਾ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ।

-ਡਾ. ਜਤਿੰਦਰਪਾਲ ਸਿੰਘ ਜੌਲੀ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

# ਪੁਸਤਕ ਪਰਿਚੈ

## ਪੁਸਤਕ : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ
## ਰੀਵਿਊਕਾਰ : ਪ੍ਰੋ. ਨਵ ਸੰਗੀਤ ਸਿੰਘ

ਸੰਪਾਦਕ : ਐਮ.ਜੀ.ਗੁਪਤਾ
ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਸਰਹਿੰਦ (1996)
ਪੰਨੇ : 197+10+3
ਮੁੱਲ : 45/- (ਪੇਪਰ ਬੈਕ) ; 125/- (ਸਜਿਲਦ)

ਵਿਚਾਰ ਅਧੀਨ ਪੁਸਤਕ ਐਮ.ਜੀ.ਗੁਪਤਾ ਵਲੋਂ ਸੰਪਾਦਤ ਚੌਥੀ ਕਿਤਾਬ ਹੈ, ਜਿਸਨੂੰ ਪ੍ਰੋ. ਪਿਆਰਾ ਸਿੰਘ ਪਦਮ ਨੇ 'ਪਰਉਪਕਾਰੀ ਸਾਹਿਤ ਮਾਲਾ' ਦੀ ਅਗਲੀ ਲੜੀ ਦਾ ਨਾਂ ਦਿੱਤਾ ਹੈ । ਸ੍ਰੀ ਗੁਪਤਾ ਦੀਆਂ ਪਹਿਲੀਆਂ ਤਿੰਨ ਕਿਤਾਬਾਂ 'ਗੁਰੂ ਤੇਗ ਬਹਾਦਰ : ਹਿੰਦ ਦੀ ਚਾਦਰ' (1993), 'ਸਿੱਖ ਧਰਮ ਤੇ ਸ਼ਹੀਦੀ ਪਰੰਪਰਾ' (1995) ਅਤੇ 'ਬਾਬਾ ਸ਼ੇਖ਼ ਫਰੀਦ' (1996) ਨੂੰ ਕਾਫੀ ਮਾਨਤਾ ਮਿਲ ਚੁਕੀ ਹੈ । ਇਨ੍ਹਾਂ 'ਚੋਂ ਪਹਿਲੀਆਂ ਦੋ ਤਾਂ ਉਨ੍ਹਾਂ ਨੇ ਪ੍ਰਚਾਰ ਅਤੇ ਪ੍ਰਸਾਰ ਹਿਤ ਮੁਫਤ ਵੰਡੀਆਂ ਸਨ ।

ਇਸ ਪੁਸਤਕ ਵਿਚ ਕੁੱਲ 22 ਲੇਖ ਸ਼ਾਮਲ ਹਨ, ਜੋ ਕਿ ਕ੍ਰਮਵਾਰ ਸ੍ਰੀ ਐਮ.ਜੀ.ਗੁਪਤਾ, ਪਿਆਰਾ ਸਿੰਘ ਦਾਤਾ, ਪ੍ਰੋ. ਜੋਗਿੰਦਰ ਸਿੰਘ, ਡਾ, ਮਹਿੰਦਰ ਕੌਰ ਗਿੱਲ, ਗਿ. ਭਗਤ ਸਿੰਘ ਹੀਰਾ, ਪਾਂਧੀ ਨਨਕਾਣਵੀ, ਡਾ. ਕਰਨਜੀਤ ਸਿੰਘ, ਡਾ. ਗੁਰਨਾਮ ਕੌਰ, ਪ੍ਰਿੰ. ਕੁਲਦੀਪ ਸਿੰਘ ਹਉਰਾ, ਪ੍ਰੋ. ਨਵ ਸੰਗੀਤ ਸਿੰਘ, ਡਾ. ਮਹੀਪ ਸਿੰਘ, ਡਾ. ਬਲਦੇਵ ਸਿੰਘ ਬੱਦਨ, ਪ੍ਰੋ. ਪਿਆਰਾ ਸਿੰਘ ਪਦਮ, ਡਾ. ਇੰਦਰਜੀਤ ਸਿੰਘ ਵਾਸੂ, ਡਾ. ਅੰਮ੍ਰਿਤ ਕੌਰ ਰੈਣਾ, ਗਿ. ਲਾਲ ਸਿੰਘ, ਡਾ. ਐਮ.ਐਸ. ਅੰਮ੍ਰਿਤ, ਪ੍ਰੋ. ਰਘਬੀਰ ਸਿੰਘ ਭਰਤ, ਡਾ. ਵਜ਼ੀਰ ਸਿੰਘ, ਡਾ. ਜਸਵੰਤ ਸਿੰਘ ਨੇਕੀ, ਲੈ. ਕ. ਗੁਲਚਰਨ ਸਿੰਘ, ਅਤੇ ਡਾ. ਧਰਮ ਸਿੰਘ ਵਲੋਂ ਲਿਖੇ ਗਏ ਹਨ । ਇਹ ਸਾਰੇ ਹੀ ਵਿਦਵਾਨ ਵੱਖ-ਵੱਖ ਸਮੇਂ ਸਿੱਖ ਅਤੇ ਸਾਹਿਤ ਦੇ ਵਿਭਿੰਨ ਪੱਖਾਂ ਤੇ ਅਕਸਰ ਲੇਖ ਲਿਖਦੇ ਰਹਿੰਦੇ ਹਨ ।

ਪਿਆਰਾ ਸਿੰਘ ਦਾਤਾ ਅਤੇ ਪਾਂਧੀ ਨਾਨਕਾਣਵੀ ਨੇ ਗੁਰੂ ਜੀ ਦੇ ਜੀਵਨ-ਇਤਿਹਾਸ ਬਾਰੇ ਜਾਣਕਾਰੀ ਦਿਤੀ ਹੈ; ਪ੍ਰੋ. ਜੋਗਿੰਦਰ ਸਿੰਘ ਨੇ ਆਪ ਨੂੰ ਗੁਰੂ ਸੂਰਮੇ ਵਜੋਂ ਉਭਾਰਿਆ ਹੈ; ਡਾ. ਮਹਿੰਦਰ ਕੌਰ ਗਿੱਲ ਨੇ ਬਾਣੀ-ਰਚਨਾ ਦੇ ਪ੍ਰਸੰਗ ਵਿਚ ਗੁਰੂ ਜੀ ਦੇ ਯੋਗਦਾਨ ਦੀ ਗਾਥਾ ਕਹੀ ਹੈ; ਭਗਤ ਸਿੰਘ ਹੀਰਾ ਨੇ ਆਪ ਨੂੰ 'ਕਾਰਣ-ਕਰਣੇਉ' ਵਜੋਂ ਪਛਾਣਨ ਦਾ ਯਤਨ ਕੀਤਾ ਹੈ; ਡਾ. ਕਰਨਜੀਤ ਸਿੰਘ, ਪ੍ਰੋ. ਨਵ ਸੰਗੀਤ ਸਿੰਘ ਅਤੇ ਡਾ. ਬਲਦੇਵ ਸਿੰਘ ਬੱਦਨ ਨੇ ਆਪ ਨੂੰ 'ਵਡ ਜੋਧਾ ਬਹੁਪਰਉਪਕਾਰੀ' ਦੇ ਪ੍ਰਸੰਗ ਵਿਚ ਇਤਰਿਆ ਹੈ; ਡਾ. ਗੁਰਨਾਮ ਕੌਰ ਨੇ ਸਿੱਖ ਮਾਨਸਿਕਤਾ ਵਿਚ ਵਸੇ ਪਹਿਲੂਆਂ ਦਾ ਦਾਰਸ਼ਨਿਕ ਪਰਪੇਖ' ਗੁਰੂ ਹਰਿਗੋਬਿੰਦ ਦਰਸ਼ਨ' ਵਿਚ ਦੇਣ ਦੀ ਕੋਸ਼ਿਸ਼ ਕੀਤੀ ਹੈ; ਕੁਲਦੀਪ ਸਿੰਘ ਹਉਰਾ ਨੇ ਗੁਰੂ ਸਾਹਿਬ ਨਾਲ ਅੰਮ੍ਰਿਤਸਰ ਦੇ ਰਿਸ਼ਤੇ ਦੀ ਗੱਲ ਕਹੀ ਹੈ; ਡਾ. ਮਹੀਪ ਸਿੰਘ ਨੇ ਇਸੇ ਪ੍ਰਸੰਗ ਨੂੰ ਕ੍ਰਾਂਤੀਕਾਰੀ ਪ੍ਰਸੰਗ ਵਿਚ ਵੇਖਣ ਦੀ ਕੋਸ਼ਿਸ਼ ਕੀਤੀ ਹੈ; ਪਿਆਰਾ ਸਿੰਘ ਪਦਮ ਨੇ ਗੁਰੂ ਜੀ ਨੂੰ ਖਟ ਦਰਸ਼ਨ ਵਜੋਂ ਗ੍ਰਹਿਣ ਕਰਨ ਦੀ ਕੋਸ਼ਿਸ਼ ਕਤਿੀ ਹੈ ; ਸਿੱਖ ਵੀਰ ਪਰੰਪਰਾ ਵਿਚ ਗੁਰੂ ਜੀ ਦੀ ਭੂਮਿਕਾ ਨੂੰ ਉਜਾਗਰ ਕਰਨ ਦਾ ਕਾਰਜ ਡਾ. ਇੰਦਰਜੀਤ ਸਿੰਘ ਵਾਸੂ ਨੇ ਨਿਭਾਇਆ ਹੈ ; ਡਾ ਅੰਮ੍ਰਿਤ ਕੌਰ ਰੈਣਾ ਨੇ ਗੁਰੂ ਜੀ ਦੇ ਸਿਖਿਆ ਦਰਸ਼ਨ ਦੀ ਗੱਲ ਕਹੀ ਹੈ ; ਗਿਆਨੀ ਲਾਲ ਸਿੰਘ, ਡਾ. ਵਜ਼ੀਰ ਸਿੰਘ, ਡਾ. ਜਸਵੰਤ ਸਿੰਘ ਨੇਕੀ ਅਤੇ ਸ੍ਰੀ ਐਮ. ਜੀ. ਗੁਪਤਾ ਨੇ ਮੀਰੀ-ਪੀਰੀ ਦੇ ਸਿਧਾਂਤ, ਸੰਕਲਪ ਅਤੇ ਚਿੰਤਨਸ਼ੀਲ ਪੱਖ ਦੀ ਜਾਣਕਾਰੀ ਦਿਤੀ ਹੈ ; ਡਾ. ਅੰਮ੍ਰਿਤ ਨੂੰ ਗੁਰੂ ਜੀ ਨੇ ਮੈਦਾਨੇ ਜੰਗ ਦੇ ਸ਼ਾਹ-ਸਵਾਰ ਵਜੋਂ ਮੋਹਿਆ ਹੈ ; ਡਾ. ਭਰਤ ਨੇ ਗੁਰੂ ਜੀ ਨੂੰ ਸੰਤ-ਸਿਪਾਹੀ ਵਜੋਂ ਵਾਰਿਆ ਹੈ ; ਗੁਲਚਰਨ ਸਿੰਘ ਨੇ ਗੁਰੂ ਜੀ ਦੀ ਯੁੱਧ-ਨੀਤੀ ਬਾਰੇ ਜਾਣਕਾਰੀ ਦਿਤੀ ਹੈ ਅਤੇ ਅੰਤ ਵਿਚ ਡਾ. ਧਰਮ ਸਿੰਘ ਨੇ ਗੁਰੂ ਜੀ ਨੂੰ ਗੁਰੂ ਅਰਜਨ ਅਤੇ ਭਾਈ ਗੁਰਦਾਸ ਦੀ ਦ੍ਰਿਸ਼ਟੀ ਵਿਚ ਅੰਕਿਤ ਕੀਤਾ ਹੈ । ਜੇ ਕਰ ਪੁਸਤਕ ਵਿਚ ਗੁਰੂ ਜੀ ਦੀ ਚਰਨ-

ਛੋਹ ਨਾਲ ਵਰੋਸਾਏ ਅਸਥਾਨਾਂ ਬਾਰੇ ਵੱਖਰਾ ਲੇਖ, ਅੰਕਿਤ ਕਰ ਦਿਤਾ ਜਾਂਦਾ ਤਾਂ ਹੋਰ ਵੀ ਚੰਗਾ ਹੋਣਾ ਸੀ, ਫਿਰ ਵੀ ਇਸ ਬਾਰੇ ਇਕ ਨਿੱਕਾ ਜਿਹਾ ਵੇਰਵਾ ਪੰਨਾ 113 ਉਤੇ ਉਪਲਭਦ ਹੈ ।

ਗੁਰੂ ਜੀ ਦਾ ਆਪਣਾ ਜੀਵਨ (1595-1644) 'ਬਾਤਨ ਫਕੀਰੀ ਜ਼ਾਹਿਰ ਅਮੀਰੀ', 'ਸ਼ਸਤਰ ਗਰੀਬ ਕੀ ਰੱਖਿਆ, ਜਰਵਾਣੇ ਦੀ ਭੱਖਿਆ' ਵਾਲਾ ਸੀ, ਜਿਸ ਕਰਕੇ ਉਨ੍ਹਾਂ ਨੂੰ ਅੱਜ ਵੀ ਬੰਦੀ ਛੋੜ, ਮੀਰੀ-ਪੀਰੀ ਦੇ ਮਾਲਕ, ਦਲ ਭੰਜਨ ਗੁਰ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ ਆਦਿ ਦੇ ਲਕਬ ਨਾਲ ਯਾਦ ਕੀਤਾ ਜਾਂਦਾ ਹੈ । ਗੁਰੂ ਸਾਹਿਬ ਨੇ ਮੁਗਲਾਂ ਨਾਲ ਜਿੰਨੇ ਵੀ ਯੁੱਧ ਕੀਤੇ, ਉਨ੍ਹਾਂ ਵਿਚ ਆਪਨੇ ਇੰਚ ਭਰ ਵੀ ਇਲਾਕੇ ਤੇ ਆਪਣਾ ਰਾਜ ਕਾਇਮ ਨਹੀਂ ਕੀਤਾ । ਉਨ੍ਹਾਂ ਦਾ ਮੁੱਖ ਮਨੋਰਥ ਤਾਂ ਹਿੰਦੋਸਤਾਨੀਆਂ ਦੇ ਮਨਾਂ ਅੰਦਰ ਬੀਰਤਾ ਦਾ ਸੰਚਾਰ ਕਰਨਾ ਸੀ, ਤਾਂ ਕਿ ਉਹ ਜਬਰ ਤੇ ਜ਼ੁਲਮ ਵਿਰੁੱਧ ਡਟ ਕੇ ਪ੍ਰਦੇਸੀ ਹਕੂਮਤ ਨੂੰ ਖਤਮ ਕਰਕੇ ਦੇਸ਼ ਨੂੰ ਅਜ਼ਾਦ ਕਰਵਾਉਣ ਦਾ ਬੀੜਾ ਉਠਾ ਸਕਣ ।

ਪੁਸਤਕ ਦੀ ਭੂਮਿਕਾ ਵਿਚ ਅੰਕਿਤ ਪ੍ਰੋ. ਬਲਕਾਰ ਸਿੰਘ (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਦੇ ਇਹ ਵਿਚਾਰ ਬਹੁਤ ਸਾਰਥਕ ਹਨ, "ਗੁਰੂ ਚਿੰਤਨ ਤਕ ਪਹੁੰਚਣ ਦਾ ਹੱਕ ਹਰ ਇਨਸਾਨ ਨੂੰ ਹੈ । ਸਿੱਖ ਚਿੰਤਨ ਵਿਚੋਂ ਬੰਦਾ ਮਨਫੀ ਹੈ ਅਤੇ ਇਸੇ ਲਈ ਸਿੱਖ ਚਿੰਤਨ ਵਿਚ ਸ਼ਬਦ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੈ । ਸੋ ਜਨਮ ਤੋਂ ਸਿੱਖ ਹੋਣਾ ਗੁਰੂ ਚਿੰਤਨ ਦੇ ਵਾਰਸ ਹੋਣ ਦੀ ਗਾਰੰਟੀ ਨਹੀਂ ਹੈ । ਇਸ ਯੋਗਤਾ ਦਾ ਮਾਰਗ ਗਿਆਨ, ਵਿਵੇਕ ਅਤੇ ਚੇਤਨਾ ਨਾਲ ਜੁੜਿਆ ਹੋਇਆ ਹੈ । ਇਹ ਪੁਸਤਕ ਇਸ ਪਾਸੇ ਅਤੇ ਗੁਰੂ ਵੱਲ ਚੁਕਿਆ ਇਕ ਕਦਮ ਹੈ ।"

ਪੁਸਤਕ ਦੀ ਛਪਾਈ ਚੰਗੀ ਹੈ ਪਰ ਕੁਝ ਸ਼ਾਬਦਿਕ ਗਲਤੀਆਂ ਨੇ ਇਸਦੀ ਦਿੱਖ ਨੂੰ ਜ਼ਰੂਰ ਕੁਪ੍ਰਭਾਵਿਤ ਕੀਤਾ ਹੈ । ਸਰਵਰਕ ਉਤੇ 'ਹਰਿਗੋਬਿੰਦ' ਨੂੰ 'ਹਰਗੋਬਿੰਦ' ਅਤੇ 'ਵਡ ਜੋਧਾ ਬਹੁ ਪਰਉਪਕਾਰੀ ' ਦੀ ਥਾਂ 'ਵੱਡ ਜੋਧਾ ਬਹੁ ਪਰਉਪਕਾਰੀ' ਲਿਖਣ ਨਾਲ ਇਸਦੇ ਸੁਹਜ ਵਿਚ ਵਿਗਾੜ ਪੈਦਾ ਹੋ ਗਿਆ ਹੈ । ਪ੍ਰਮੁੱਖ ਥਾਵਾਂ, ਖਾਸ ਕਰਕੇ ਸਰਵਰਕ ਉਤੇ ਅਜਿਹੀਆਂ ਵੱਡੀਆਂ ਗਲਤੀਆਂ ਬਹੁਤ ਅੱਖਰਦੀਆਂ ਹਨ ।

ਸਿੱਖ ਇਤਿਹਾਸ ਅਤੇ ਧਰਮ ਦੇ ਵਿਲੱਖਣ ਚੈਪਟਰ ਨੂੰ ਉਜਾਗਰ ਕਰਨ ਵਾਲੀ ਇਸ ਦੁਰਲੱਭ ਕਿਤਾਬ ਨੂੰ ਸੰਪਾਦਿਤ ਕਰਨ ਲਈ ਸ੍ਰੀ ਗੁਪਤਾ ਵਧਾਈ ਦੇ ਪਾਤਰ ਹਨ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਉਹ ਅੱਗੋਂ ਲਈ ਵੀ ਸਰਬੱਤ ਦੇ ਭਲੇ ਚਿਤ ਅਜਿਹੀਆਂ ਕਿਤਾਬਾਂ ਪੰਜਾਬੀ ਪਾਠਕਾਂ ਨੂੰ ਪ੍ਰਦਾਨ ਕਰਦੇ ਰਹਿਣਗੇ ।

## ਕੀਰਤਨ ਸਬ-ਕਮੇਟੀ
## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇੱਕ ਕੀਰਤਨ ਸਬ-ਕਮੇਟੀ ਬਣਾਈ ਹੈ ਜਿਸ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਕੀਤੇ ਗਏ ਹਨ :

1. ਸ੍ਰ. ਮਨਜੀਤ ਸਿੰਘ, ਕਲਕਤਾ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
2. ਸ੍ਰ. ਬਲਵਿੰਦਰ ਸਿੰਘ, ਲੁਧਿਆਣਾ
3. ਡਾ. ਜਾਗੀਰ ਸਿੰਘ, ਵਿਸ਼ਾ ਮਾਹਿਰ, ਪੰਜਾਬ ਸਕੂਲ ਸਿੱਖਿਆ ਬੋਰਡ (ਸੰਪਾਦਕ-ਅੰਮ੍ਰਿਤ ਕੀਰਤਨ)
4. ਪ੍ਰੋ. ਪ੍ਰਕਾਸ਼ ਸਿੰਘ ਜੀ
5. ਭਾਈ ਗੁਰਮੇਜ਼ ਸਿੰਘ ਜਥੇਦਾਰ ਰਾਗੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

# ਸੁਰ ਅਤੇ ਉਹਨਾਂ ਦੇ ਪ੍ਰਕਾਰ

ਪ੍ਰੋ. ਬਲਬੀਰ ਸਿੰਘ ਨੀਲਮ



ਨਾਦ ਤੋਂ ਸਰੁਤੀ. ਸਰੁਤੀ ਤੋਂ ਸੁਰ ।

ਇਕ ਸਪਤਕ ਵਿਚ 12 ਸੁਰ ਹੁੰਦੇ ਹਨ । ਸੁਰ ਦੋ ਪ੍ਰਕਾਰ ਦੇ ਹੁੰਦੇ ਹਨ ।

1. ਸ਼ੁਧ ਸੁਰ 2. ਵਿਕ੍ਰਤ ਸੁਰ (ਸੁਰ ਦਾ ਦੂਜਾ ਰੂਪ)

ਵਿਕ੍ਰਤ ਸੁਰ ਦੋ ਪ੍ਰਕਾਰ ਦੇ ਹੁੰਦੇ ਹਨ ।

1. ਵਿਕ੍ਰਰਤ ਕੋਮਲ ਸੁਰ 2. ਵਿਕ੍ਰਰਤ ਤੀਵਰ ਸੁਰ ।

1. **ਕੋਮਲ ਸੁਰ :** ਛੋਟੇ ਸੁਰ ਨੂੰ ਕੋਮਲ ਸੁਰ ਆਖਦੇ ਹਨ । ਸ਼ੁਧ ਸੁਰ ਤੋਂ ਹੇਠਾਂ ਵਾਲੇ ਸੁਰ ਨੂੰ ਕੋਮਲ ਸੁਰ ਆਖਦੇ ਹਨ ਪਰ ਇਸ ਵਿਚ ਸੁਰ ਦਾ ਨਾਮ ਨਹੀਂ ਬਦਲਣਾ ਚਾਹੀਦਾ । ਇਹ ਇਕ ਸਪਤਕ ਵਿਚ ਚਾਰ ਹੁੰਦੇ ਹਨ ਅਤੇ ਸੁਰ ਲਿਪੀ ਵਿੱਚ ਇਸ ਦੀ ਪਹਿਚਾਣ ਲਈ ਸੁਰ ਦੇ ਹੇਠਾਂ ਰੇਖਾ ਖਿੱਚੀ ਜਾਂਦੀ ਹੈ ਜਿਵੇਂ, ਕਿ : ਕੋਮਲ ਸੁਰ : ਰੇ ਗੁ ਧੁ ਨੀ

**ਤੀਵਰ ਸੁਰ :** ਤੇਜ ਸੁਰ ਨੂੰ ਤੀਵਰ ਸੁਰ ਆਖਦੇ ਹਨ । ਸ਼ੁਧ ਸੁਰ ਤੋਂ ਉਚੇ ਸੁਰ ਨੂੰ ਤੀਵਰ ਸੁਰ ਆਖਦੇ ਹਨ ਪਰ ਧਿਆਨ ਵਿਚ ਰਖਣਾ ਕਿ ਸੁਰ ਦਾ ਨਾਮ ਨਾ ਵਿਗੜ ਜਾਵੇ ਇਹ ਇਕ ਸਪਤਕ ਵਿਚ ਇਕ ਹੀ ਹੁੰਦਾ ਹੈ । ਇਸ ਦੀ ਪਹਿਚਾਣ ਲਈ ਸੁਰ ਦੇ ਸਿਰ ਉਪਰ ਖੜੀ ਰੇਖਾ ਖਿੱਚੀ ਜਾਂਦੀ ਹੈ । ਜਿਵੇਂ ਕਿ ਮ

ਇਸ ਤਰ੍ਹਾਂ ਸ਼ੁਧ ਸੁਰ = 7

ਕੋਮਲ ਸੁਰ = 4

ਤੀਵਰ ਸੁਰ = 1

ਸਪਤਕ ਵਿੱਚ ਮੁਖ ਸੁਰ = 12 ਹੁੰਦੇ ਹਨ । ਜਿਹਨਾਂ ਦੀ ਤਰਤੀਬ ਹੇਠਾਂ ਹੈ ।

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| ਸ | ਰੇ | ਰੇ | ਗੁ | ਗ | ਮ | ਮ | ਪ | ਧੁ | ਧ | ਨੀ | ਨੀ |

ਸਪਤਕ ਵਿਚ ਸ ਅਤੇ ਪ ਸੁਰ ਐਸੇ (ਅਚੱਲ ਸੁਰ) ਹਨ ਜਿਨ੍ਹਾਂ ਦਾ ਦੂਜਾ ਰੂਪ ਨਹੀਂ ਹੁੰਦਾ ਅਤੇ ਨਾ ਹੀ ਆਪਣੀ ਥਾਂ ਬਦਲਦੇ ਹਨ । ਇਹਨਾਂ ਨੂੰ ਅਚੱਲ ਸੁਰ ਆਖਦੇ ਹਨ ।

ਸੁਰਾਂ ਦੇ ਅਸਲੀ ਨਾਂ ਇਹ ਹਨ ।

| 1 | 2 | 3 | 4 | 5 | 6 | 7 |
|---|---|---|---|---|---|---|
| ਸ਼ੜਜ | ਰਿਸ਼ਵ | ਗੰਧਾਰ | ਮਧਿਅਮ | ਪੰਚਮ | ਧੈਵਤ | ਨਿਸ਼ਾਦ |

ਇਹਨਾਂ ਸੁਰਾਂ ਦਾ ਸਰਗਮ ਗੀਤ ਨਹੀਂ ਬਣ ਸਕਦਾ ਅਤੇ ਨਾ ਹੀ ਗਾਏ ਜਾਂਦੇ ਹਨ । ਇਹਨਾਂ ਸੁਰਾਂ ਨੂੰ ਆਸਾਨ ਕਰਨ ਲਈ ਹਰ ਸੁਰ ਦਾ ਪਹਿਲਾ ਅੱਖਰ ਲੈ ਕੇ ਸੁਰਾਂ ਨੂੰ ਤਰਤੀਬ ਦੇ ਦਿੱਤੀ

ਜਿਵੇਂ :ਸ਼ੜਜ ਤੋਂ ਸ, ਰਿਸ਼ਵ ਤੋਂ ਰੇ, ਗੰਧਾਰ ਤੋਂ ਗ, ਮਧਿਅਮ ਤੋਂ ਮ, ਪੰਚਮ ਤੋਂ ਪ, ਧੈਵਤ ਤੋਂ ਧ, ਨਿਸ਼ਾਦ ਤੋਂ ਨੀ ।

ਤਾਲ ਸਿੱਖਿਆ

# ਤਾਲ-ਦਾਦਰਾ ਦੇ ਬੋਲ

ਗੁਰਮੀਤ ਸਿੰਘ ਮਨਕਾਨ



ਮਾਤਰਾ-6, ਵਿਭਾਗ-2

ਠੇਕਾ - ਧਾ ਧੀ ਨਾ । ਧਾ ਤੀ ਨਾ

X O

ਪ੍ਰਕਾਰ - ਜਿਸ ਵਿਚ ਅਸੀਂ ਠੇਕੇ ਨੂੰ ਅਲੱਗ-ਅਲੱਗ ਤਰੀਕੇ ਨਾਲ ਵਜਾਇਆ ਕਰਦੇ ਹਾਂ- ਜਿਵੇਂ :

1 - ਧਾ ਤਿੰ ਤਿੰ । ਤਾ ਧਿੰ ਧਿੰ
2 - ਧਾ ਤਿੰ ਤਿੰ । ਤਾਤਾ ਧਿੰ ਧਿੰ
3 - ਧਾ ਧਿੰ ਧਾ । ਧਾ ਤਿੰ ਤਾ

ਦੁਗੁਨ ਜਾਂ ਚੌਗੁਨ : ਇਸ ਵਿਚ ਅਸੀਂ ਠੇਕੇ ਤੋਂ ਬਾਦ ਲਗੀਆਂ, ਲੜੀਆਂ ਵਜਾਉਂਦੇ ਹਾਂ ਜਿਵੇਂ :

1. ਧਾਗੇ ਤੀਨਾ ਗੀਨਾ । ਤਾਗੇ ਧੀਨਾ ਗੀਨਾ
2. ਧਾਤੀ ਧੀਨਾ ਤਿਟ । ਤਾਤੀ ਧੀਨਾ ਤਿਟ
3. ਧਾਤੀ ਧਾਧਾ ਤੀਨਾ । ਤਾਤੀ ਧਾਧਾ ਤੀਨਾ
4. ਧੀਨਾ ਤਿਟ ਧਾਤੀ । ਤੀਨਾ ਤਿਟ ਧਾਤੀ
5. ਧਾS ਧਾਤੀ ਗਿਨਾ । ਤਾS ਧਾਤੀ ਗਿਨਾ
6. ਧਾਤ੍ਰ ਧਾਤੀ ਗਿਨਾ । ਤਾਤ੍ਰ ਧਾਤੀ ਗਿਨਾ
7. ਧਾਗੇ ਤਿਟ ਤਿਟ । ਤਾਗੇ ਧਿਟ ਧਿਟ
8. ਧਾਤਿਰ ਕਿਟਧਿ ਨਕ । ਦਿੰਗ ਦਿਨਾ ਗਿਨਾ
ਤਾਂਤਿਰ ਕਿਟਧਿ ਨਕ । ਦਿੰਗ ਦਿਨਾ ਗਿਨਾ

ਤਿਹਾਈਆਂ : ਜਿਸ ਵਿਚ ਅਸੀਂ ਕਿਸੇ ਬੋਲ ਨੂੰ ਤਿੰਨ ਵਾਰੀ ਧਾ ਲਾ ਕੇ ਵਜਾਉਂਦੇ ਆਂ ਅਤੇ ਤੀਜੀਂ ਵਾਰੀ ਧਾ ਸਮ ਤੇ ਅਉਂਦਾ ਹੈ ਇਹ ਬੰਦਿਸ਼ ਕਿਨੇ ਵੀ ਆਵਰਤਨਾਂ ਦੀ ਹੋ ਸਕਦੀ ਹੈ ਜਿਵੇਂ :

1. ਧਾਗੇ ਤੀਨਾ (+) ਗੀਨਾ ਧਾSS ਧਾਗੇ ਤੀਨਾ (0) ਗੀਨਾ ਧਾ SS ਧਾਗੇ ਤੀਨਾ ਗੀਨਾ ਧਾ (+)

2. ਤੀਨਾ ਤਿਟ (+) ਧਾਤੀ ਧਾਧਾ ਧਾSSS ਧਾਤੀ ਧਾਧਾ (0) ਧਾSSS ਧਾਤੀ ਧਾਧਾ ਧਾ (+)

3. ਕ3ਧਾਤਿਰ (+) ਕਿਟਤਕਤਿਰਕਿਟ ਧਾS ਧਾSਤਿਕ ਕਿਟਤਕ ਤਿਰਕਿਟ (0) ਧਾSਧਾSਤਿਰ ਕਿਟਤਕ ਤਿਰਕਿਟ ਧਾ (+)

# ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ

ਪ੍ਰੋ. ਸਾਹਿਬ ਸਿੰਘ



### ਰਾਗ ਜੈਜਾਵੰਤੀ ਮਹਲਾ ੯

ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ॥
ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥
ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥੧॥ਰਹਾਉ॥
ਸੁਪਨੇ ਜਿਉ ਧਨੁ ਪਛਾਨੁ ਕਾਹੇ ਪਰਿ ਕਰਤ ਮਾਨੁ ॥
ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ ॥੧॥
ਨਾਨਕੁ ਜਨੁ ਕਹਤ ਬਾਤ ਬਿਨਸਿ ਜੈਹੈ ਤੇਰੋ ਗਾਉ ॥
ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ॥੨॥੧॥
[ਪੰਨਾ ੧੩੫੨]ਸ

ਅਰਥ : ਹੇ ਭਾਈ ! ਪਰਮਾਤਮਾ (ਦਾ ਨਾਮ) ਸਿਮਰਿਆ ਕਰ, ਪਰਮਾਤਮਾ ਦਾ ਨਾਮ ਸਿਮਰਿਆ ਕਰ । ਇਹ (ਸਿਮਰਨ) ਹੀ ਤੇਰੇ ਕੰਮ ਵਿਚ (ਆਉਣ ਵਾਲਾ) ਹੈ । ਹੇ ਭਾਈ ! ਮਾਇਆ ਦਾ ਮੋਹ ਛੱਡ ਦੇਹ, ਪਰਮਾਤਮਾ ਦੀ ਸਰਨ ਪਿਆ ਰਹੁ । ਹੇ ਭਾਈ ! ਦੁਨੀਆ ਦੇ ਸੁਖਾਂ ਨੂੰ ਨਾਸਵੰਤ ਸਮਝ ! ਜਗਤ ਦਾ ਇਹ ਸਾਰਾ ਪਸਾਰਾ (ਹੀ) ਸਾਥ ਛੱਡ ਜਾਣ ਵਾਲਾ ਹੈ ।੧।ਰਹਾਉ।

ਹੇ ਭਾਈ ! ਇਸ ਧਨ ਨੂੰ ਸੁਪਨੇ (ਵਿਚ ਮਿਲੇ ਪਦਾਰਥਾਂ) ਵਾਂਗ ਸਮਝ (ਜਾਗ ਖੁਲਦਿਆਂ ਹੀ ਉਹ ਪਦਾਰਥ ਲੋਪ ਹੋ ਜਾਂਦੇ ਹਨ । ਦੱਸ,) ਤੂੰ ਕਾਹਦੇ ਉਤੇ ਅਹੰਕਾਰ ਕਰਦਾ ਹੈਂ ? (ਸਾਰੀ) ਧਰਤੀ ਦਾ ਰਾਜ (ਭੀ) ਰੇਤ ਦੀ ਕੰਧ ਵਰਗਾ ਹੀ ਹੈ ।੧।

ਹੇ ਭਾਈ ! ਦਾਸ ਨਾਨਕ (ਤੈਨੂੰ ਇਹ) ਗੱਲ ਦੱਸਦਾ ਹਾਂ ਕਿ ਤੇਰਾ (ਤਾਂ ਇਹ ਆਪਣਾ ਮਿਥਿਆ ਹੋਇਆ) ਸਰੀਰ (ਭੀ) ਨਾਸ ਹੋ ਜਾਇਗਾ । ਵੇਖ, ਜਿਵੇਂ ਤੇਰੀ ਉਮਰ ਦਾ) ਕੱਲ (ਦਾ ਦਿਨ) ਛਿਨ ਛਿਨ ਕਰ ਕੇ ਬੀਤ ਗਿਆ ਹੈ, ਤਿਵੇਂ ਅੱਜ (ਦਾ ਦਿਨ ਭੀ) ਲੰਘਦਾ ਜਾ ਰਿਹਾ ਹੈ ।੨।੧।


## 'ਅੰਮ੍ਰਿਤ ਕੀਰਤਨ'

ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜਣ ਦੀ ਕਿਰਪਾ ਕਰੋ


### ਗੁਰਦਾਸ ਜੀ ਵਾਰ, ਪਉੜੀ । ਪਹਿਲੀ 23

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ ।
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਾਇਆ ।
ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ ।
ਰਾਣਾ ਰੰਕੁ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ ।
ਉਲਟਾ ਖੇਲੁ ਪਿਰੰਮ ਦਾ ਪੈਰਾਂ ਉਪਰਿ ਸੀਸੁ ਨਿਵਾਇਆ ।
ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ ।
ਕਲਿ ਤਾਰਣਿ ਗੁਰੂ ਨਾਨਕ ਆਇਆ ॥੨੩॥

ਦਾਤਾਰ ਈਸ਼ੁਰ ਨੇ (ਧਰਮ ਦੀ) ਪੁਕਾਰ ਸੁਣੀ, ਗੁਰੂ ਨਾਨਕ ਨੂੰ ਜਗਤ ਵਿਖੇ ਭੇਜਿਆ । (ਗੁਰੂ ਜੀ ਨੇ) ਚਰਨ ਧੋਣ ਦੀ ਰਹੁਰੀਤ ਕਰਕੇ ਚਰਣੋਦਕ ਸਿੱਖਾਂ ਨੂੰ ਪਿਲਾਯਾ (ਭਾਵ ਨਿੰਮ੍ਰਤਾ ਤੇ ਭਗਤੀ ਸਿਖਲਾਈ) । ਪਾਰਬ੍ਰਹਮ ਪੂਰਣ ਪਰਮਾਤਮਾ ਕਲਜੁਗ ਵਿਖੇ 'ਇੱਕ' ਦਿਖਲਾਯਾ (ਭਾਵ ਅਨੇਕ ਪੂਜਾ ਤੋਂ ਕੱਢਕੇ ਏਕਤਾ ਪਰ ਸੰਸਾਰ ਨੂੰ ਦ੍ਰਿੜ੍ਹ ਕੀਤਾ । ਧਰਮ ਦੇ ਚਾਰੇ ਪੈਰ (ਕਾਇਮ ਕੀਤੇ) ਤੇ ਚਾਰੇ ਵਰਨਾਂ ਨੂੰ ਇਕ ਕੀਤਾ (ਭਾਵ ਧਰਮ ਦੇ ਸਾਰੇ ਅੰਗ ਸਿਖਾਏ ਤੇ ਨਾਲ ਹੀ ਸਹੋਦਰਤਾ ਸਿਖਾਈ) । ਰਾਣਾ ਤੇਕੰਗਾਲ ਨੂੰ ਸਮਾਨ ਜਾਣਨਾ ਤੇ ਪੈਰੀਂ ਪੈਣਾਂ (ਨਿੰਮ੍ਰਤਾ ਦਾ ਗੁਣ) ਜੱਗ ਵਿਖੇ ਚਲਾਇਆ (ਭਾਵ ਧਰਮ-ਭਾਵ ਵਿਚ ਗਰੀਬੀ ਅਮੀਰੀ ਦੇ ਵਿੱਥ ਮੇਟਕੇ ਸਹੋਦਰਤਾ ਭਾਵ ਸਿਖਾਯਾ ਤੇ ਨਿੰਮ੍ਰਤਾ ਸਿਖਾਈ । ਪਰਮੇਸ਼ੁਰ ਦਾ ਉਲਟਾ ਕੌਤਕ ਦੇਖੋ : ਪੈਰਾਂ ਉਤੇ ਸਿਰ ਨੂੰ ਝੁਕਾ ਦਿੱਤਾ (ਭਾਵ ਲੋਕਾਂ ਨੂੰ ਨੀਉਣ ਦੀ ਮੱਤ ਸਿਖਾਈ, ਜਿਕੁਰ ਉਚਾ ਸਿਰ ਹੈ ਪਰ ਉਸ ਨੂੰ ਪੈਰਾਂ ਤੇ ਨਿਵਾ ਦਿੱਤਾ) । ਕਲਿਜੁਗ ਬਚੇ ਨੇ ਤਾਰ ਦਿਤਾ, ਸਤਿਨਾਮ ਦਾ ਮੰਤ੍ਰ (ਪੜ੍ਹ ਕੇ) ਸੁਣਾ ਦਿੱਤਾ । ਸੋ ਕਲਿਜੁਗ ਦਾ ਉਧਾਰ ਕਰਨ ਵਾਸਤੇ ਸ੍ਰੀ ਗੁਰੂ ਨਾਨਕ ਜੀ ਆਏ ।

ਭਾਵ-ਗਿਲਾਨੀ ਦੇ ਸਭ ਸਾਮਾਨ ਉਡਾਕੇ ਪ੍ਰੇਮਾ ਭਗਤੀ, ਵਾਹਿਗੁਰੂ ਦੀ ਏਕਤਾ, ਮਨੁੱਖਾਂ ਦੀ ਸਹੋਦਰਤਾ, ਪਰਸਪਰ ਪਯਾਰ ਤੇ ਨਿੰਮ੍ਰਤਾ ਤੇ ਧਰਮ ਨੂੰ ਧਾਰਨਾ ਸਿਖਾ ਦਿੱਤਾ, ਇਉਂ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੁਖੀ ਦਾ ਦਾਰੂ ਕੀਤਾ ।

# ਰਾਗ ਬਹਾਰ

**ਰਣਧੀਰ ਸਿੰਘ ਖਾਲਸਾ**

ਥਾਟ - ਕਾਫੀ
ਜਾਤੀ - ਸ਼ਾਡਵ-ਸ਼ਾਡਵ
ਵਾਦੀ - ਮ
ਸੰਵਾਦੀ - ਸਾ
ਗਾਇਨ ਸਮਾਂ - ਅੱਧੀ ਰਾਤ ।
ਆਰੋਹ - ਸਾ ਮ, ਮ ਪ ਗੁ ਮ, ਧ ਨਿ ਸਾਂ ।
ਅਵਰੋਹ - ਸਾਂ ਨਿ੍ ਪ, ਮ ਪ, ਗੁ ਮ ਰੇ ਸਾ ॥

### ਅਲਾਪ

(1) ਸਾ, ਨਿ੍ ਧ੍ ਨਿ੍ ਪ੍, ਨਿ੍ ऽ ਧ੍ ਨਿ੍ ਸਾ, ਗੁ ਮ ਰੇ ਸਾ ।
(2) ਸਾ ਮ ऽ, ਮ ਪ ਗੁ ऽ ਮ ਰੇ ऽ ਸਾ ऽ, ਸ ਪ ਗੁ ਮ ਰੇ ऽ ਸਾ ऽऽ ।
(3) ਸਾ ਮ ऽ , ਮ ਪ ਗੁ ਮ ਨਿ੍ ਧ ਨਿ੍ऽ ਧऽ ਮ ਪ ਗੁ ऽ ਮ ਰੇ ऽ ਸਾ ।

### ਮੱਧ ਲਯ (ਤਿਨ ਤਾਲ)

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਸਥਾਈ : | | | | | | | | ਨਿ | ਸਾਂ | ਨਿ੍ | ਪ | ਮ | ਪ | ਗੁ | ਮ |
| | | | | | | | | ਕ | ਲ | ਤਾ | ऽ | ਰ | ਨ | ਗੁ | ਰੁ |
| ਨਿ੍ | - | ਨਿ੍ | ਧ | ਨਿ | - | ਸਾਂ | - | - | ਪਮ | ਮ | ਮ | ਪ | ਮ | ਪ | ਨਿ੍ |
| ਨਾ | ऽ | ਨ | ਕ | ਆ | ऽ | ਯਾ | ऽ | * | ਕਲ | ਜੁ | ਗ | ਬਾ | ऽ | ਬੇ | ऽ |
| ਪਗੁ | ਗੁ | - | ਮ | ਰੇ | - | ਸਾ | - | - | ਮ | ਮ | ਪ | ਨਿ੍ | ਧ | ਨਿ | ਨਿ |
| ਤਾऽ | ऽ | ऽ | ਰਿ | ਆ | ऽ | ऽ | ऽ | ऽ | ਸ | ਤਿ | ਨਾ | ऽ | ਮ | ਪ | ੜ |
| ਸਾਂ | ਸਾਂ | ਸਾਂ | ਸਾਂ | ਸਾਂਰੇਂ | ਸਾਂਨਿ੍ | ਪਮ | ਮਪ | - | ਨਿ | ਸਾਂ | ਨਿ੍ਧ | ਮ | ਪ | ਗੁ | ਮ |
| ਮੰ | ਤ | ਰ | ਸੁ | ਣਾऽ | ऽऽ | * | ਯਾऽ | ऽऽ | ਕ | ਲ | ਤਾऽ | ਰ | ਨ | ਗੁ | ਰੁ |
| ਨਿ੍ | - | ਨਿ੍ | ਧ | ਨਿ | - | ਸਾਂ | - | | | | | | | | |
| ਨਾ | ऽ | ਨ | ਕ | ਆ | ऽ | ਯਾ | ऽ । | | | | | | | | |
| ਅੰਤਰਾ : | | | | | | | | | | | | | | | |
| | | | | | | | | * | ਪਮ | ਮ | ਮ | ਨਿ੍ | ਧ | ਨਿ | ਨਿ |
| | | | | | | | | * | ਸੁऽ | ਣੀ | ਪੁ | ਕਾ | ऽ | ਰ | ਦਾ |
| ਸਾਂ | - | - | - | ਰੇਂ | ਨਿ | ਸਾਂ | - | * | ਰੇਂ | ਰੇਂ | ਰੇਂਮਂ | ਰੇਂ | ਰੇਂ | ਸਾਂ | ਸਾਂ |
| ਤਾ | ऽ | ऽ | ਰ | ਪ੍ਰ | ऽ | ਭ | ऽ | * | ਗੁ | ਰੂ | ਨਾऽ | ਨ | ਕ | ਜ | ਗ |
| ਨਿ | ਸਾਂ | ਰੇਂ | ਸਾਂ | ਸਾਂਰੇਂ | ਸਾਂਨਿ੍ | ਪਮ | ਮਪ | | | | | | | | |
| ਮਾ | ऽ | ਹੇ | ਪ | ਠਾऽ | ऽऽ | ਯਾऽ | ऽऽ ॥ | | | | | | | | |

ਨੋਟ : ਬਾਕੀ ਅੰਤਰੇ ਵੀ ਇਸੇ ਪ੍ਰਕਾਰ ਗਾਏ ਜਾਣਗੇ ।
* : ਇਕ ਮਾਤਰਾ ਚੁਪ ਰਹਿਣਾ ਹੈ ।

# ਰਾਗ ਜੈਜੈਵੰਤੀ

**ਕਰਨਬੀਰ ਕੌਰ**

ਪਰਮੇਲ ਪਰਵੇਸ਼ਕ ਰਾਗਾਂ ਦੀ ਲੜੀ ਵਿੱਚ ਰਾਗ ਜੈਜੈਵੰਤੀ ਦਾ ਮੁੱਖ ਸਥਾਨ ਹੈ । ਪਰਮੇਲ ਪ੍ਰਵੇਸ਼ਕ ਰਾਗ ਉਹ ਹੁੰਦੇ ਹਨ ਜੋ ਇੱਕ ਥਾਟ ਤੋਂ ਦੂਜੇ ਥਾਟ ਵਿੱਚ ਪ੍ਰਵੇਸ਼ ਕਰਵਾਉਂਦੇ ਹਨ ਅਰਥਾਤ ਇਹ ਰਾਗ ਅਜਿਹੇ ਸਮੇਂ ਵਿੱਚ ਗਾਏ ਜਾਂਦੇ ਹਨ ਜਦੋਂ ਉਨ੍ਹਾਂ ਦੇ ਥਾਟ ਦਾ ਸਮਾਂ ਖਤਮ ਹੋਣ ਵਾਲਾ ਹੁੰਦਾ ਹੈ ਤੇ ਦੂਜੇ ਥਾਟ ਦਾ ਸਮਾਂ ਸ਼ੁਰੂ ਹੋਣ ਵਾਲਾ ਹੁੰਦਾ ਹੈ । ਇਸੀ ਪ੍ਰਕਾਰ ਰਾਗ ਜੈਜੈਵੰਤੀ ਖਮਾਜ ਥਾਟ ਦੇ ਰਾਗਾਂ ਤੋਂ ਕਾਫ਼ੀ ਥਾਟ ਅਤੇ ਆਸਾਵਰੀ ਥਾਟ ਦੇ ਰਾਗਾਂ ਵਿੱਚ ਪ੍ਰਵੇਸ਼ ਕਰਾਉਂਦਾ ਹੈ ।

ਇਹ ਰਾਗ ਖਮਾਜ ਥਾਟ ਦਾ ਜਨਯ ਰਾਗ ਹੈ । ਇਸ ਵਿੱਚ ਦੋਨੋਂ ਗੰਧਾਰ ਤੇ ਦੋਨੋਂ ਨਿਸ਼ਾਦ ਲਗਦੇ ਹਨ ਅਤੇ ਬਾਕੀ ਸਾਰੇ ਸਵਰ ਸ਼ੁਧ ਲਗਦੇ ਹਨ । ਇਸ ਰਾਗ ਦੀ ਜਾਤੀ ਸੰਪੂਰਨ ਹੈ । ਇਹ ਪੂਰਵਾਂਗ-ਵਾਦੀ ਰਾਗ ਹੈ ਜਿਸ ਕਰਕੇ ਵਾਦੀ ਸਵਰ ਰਿਸ਼ਭ ਅਤੇ ਸੰਵਾਦੀ ਸਵਰ ਪੰਚਮ ਹੈ । ਇਸ ਰਾਗ ਦਾ ਗਾਇਨ ਤੇ ਵਾਦਨ ਸਮਾਂ ਰਾਤ ਦੇ ਦੂਜੇ ਪਹਿਰ ਦਾ ਅਖੀਰਲਾ ਭਾਗ ਹੈ । ਜੈਜੈਵੰਤੀ ਵਿੱਚ ਨਿਆਸ ਦੇ ਸਵਰ ਸ, ਰੇ, ਪ ਹੈ । ਇਸ ਰਾਗ ਦੀ ਪ੍ਰਾਕ੍ਰਿਤੀ ਗੰਭੀਰ ਹੈ ਅਤੇ ਇਸ ਦਾ ਚਲਨ ਤਿੰਨਾਂ ਸਪਤਕਾਂ ਵਿੱਚ ਹੁੰਦਾ ਹੈ । ਇਸ ਰਾਗ ਵਿੱਚ ਵਡਾ ਖਿਆਲ, ਛੋਟਾ ਖਿਆਲ, ਧਰੁਪਦ ਧਮਾਰ ਸਾਰੇ ਹੀ ਵਧੀਆ ਲਗਦੇ ਹਨ । ਰਾਗ ਜੈਜੈਵੰਤੀ ਦਾ ਸਮਪ੍ਰਾਕ੍ਰਿਤਕ ਰਾਗ ਦੇਸ਼ ਅਤੇ ਬਾਗੇਸ਼ਵਰੀ ਹੈ । ਇਸ ਰਾਗ ਨੂੰ ਗਾਉਣ ਵੇਲੇ ਸੋਰਠ ਤੇ ਤਿਲਕਾਮੋਦ ਰਾਗਾਂ ਦੀ ਛਾਯਾ ਆਉਣ ਦੀ ਸੰਭਾਵਨਾ ਰਹਿੰਦੀ ਹੈ ਪਰ ਰੇ ਗੁ ਰੇ ਸ ਨ਼ ਧ਼ ਪ਼ ਦਾ ਪ੍ਰਯੋਗ ਉਪਰੋਕਤ ਰਾਗਾਂ ਤੋਂ ਅਲੱਗ ਕਰ ਦਿੰਦਾ ਹੈ ।

ਇੱਥੇ ਇਹ ਵੀ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਇਹ ਰਾਗ ਦੋ ਅੰਗਾਂ ਨਾਲ ਗਾਇਆ ਜਾਂਦਾ ਹੈ – ਦੇਸ਼ ਅੰਗ ਤੇ ਬਾਗੇਸ਼ਵਰੀ ਅੰਗ । ਦੇਸ਼ ਅੰਗ ਵਿੱਚ ਅਰੋਹ ਵਿੱਚ ਧੈਵਤ ਵਰਜਿਤ ਕਰਕੇ ਸ਼ੁਧ ਨਿਸ਼ਾਦ ਪ੍ਰਯੋਗ ਕਰਦੇ ਹਨ ਜਿਵੇਂ : ਗ ਮ ਪ ਨੀ ਸੰ ਪਰੰਤੂ ਬਾਗੇਸ਼ਵਰੀ ਅੰਗ ਨਾਲ ਨਿਸ਼ਾਦ ਕੋਮਲ ਹੀ ਰਹਿੰਦਾ ਹੈ ਜਿਵੇਂ : ਗ ਮ ਧ ਨੁੀ ਸੰ । ਦੋਨੋਂ ਅੰਗਾਂ ਵਿੱਚ ਅਵਰੋਹ ਵਿੱਚ ਕੋਮਲ ਨੁੀ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ । ਦੋਨਾਂ ਪ੍ਰਕਾਰਾਂ ਦੀ ਜੈਜੈਵੰਤੀ ਵਿੱਚ ਧ਼ ਨ਼ੁ ਰੇ ਮੁੱਖ ਸਵਰ ਸਮੂਹ ਮੰਨਿਆ ਜਾਂਦਾ ਹੈ ।

ਵਿਸ਼ੇਸ਼ ਸਵਰ ਸੰਗਤੀਆਂ :

(1) ਸ, ਧ਼ ਨ਼ੁੀ ਰੇ ऽ ਸ (2) ਰੇ ਗ ਮ ਪ, ਧ ਗ ਮ ਰੇ ਗੁ ਰੇ ਸ (3) ਨ਼ੁੀ ਧ਼ ਪ਼ ਰੇ ऽ ਗੁ ਰੇ ਸ

ਆਰੋਹ – ਸ, ਧ਼ ਨ਼ੀ ਰੇ, ਰੇ ਗ ਮ ਪ, ਨੀ ਸੰ ਅਵਰੋਹ – ਸੰ ਨੁੀ ਧ ਪ, ਧ ਗ ਮ ਰੇ ਗੁ ਰੇ ਸ

ਪਕੜ – ਰੇ ਗੁ ਰੇ ਸ, ਨ਼ੀ ਸ ਧ਼ ਨ਼ੁੀ ਰੇ

ਰਾਗ ਜੈਜੈਵੰਤੀ ਤਿੰਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਥਾਈ : | | | | | | | | ਨ਼ੁ | ਗੁ | ਰੇ | ਗੁ | ਰੇ | ਸ | ਰੇ | ਨ਼ੀ |
| | | | | | | | | ਰਾ | ऽ | ऽ | ਮ | ਸਿ | ऽ | ਮ | ਰ |
| ਸ | - | ਸ | ਸ | ਨ਼ੀਸ | ਰੇਸ | ਨ਼ੁੀ | ਧ਼ | ਸ | ਗ | ਗ | ਗ | ਰੇ | ਗ | ਮ | ਪ |
| ਰਾ | ऽ | ऽ | ਮ | ਸਿऽ | ऽऽ | ਮੰ | ਰ | ਇ | ऽ | ਹੈ | ऽ | ਤੇ | ऽ | ਰੈ | ऽ |
| ਮ | - | ਗ | ਮ | ਰੇ | ਗੁ | ਰੇ | ਸ | | | | | | | | |
| ਕਾ | ऽ | ऽ | ਜਿ | ਹੈ | ऽ | ऽ | ऽ | | | | | | | | |
| X | | | | 2 | | | | 0 | | | | 3 | | | |

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਅੰਤਰਾ : | | | | | | | | ਗ | ਮ | ਧ | ਨੀ | ਸੰ | ਸੰ | ਸੰ | ਸੰ |
| | | | | | | | | ਮਾ | ऽ | ਇਆ | ਕੋ | ਸੰ | ਗੁ | ਤਿਆ | ਗਿ |
| ਨੀਸੰ | ਧਨੁੀ | ਪਧ | ਮਪ | ਗ | ਮ | ਰੇਗੁ | ਸ | ਸ | ਗ | ਗ | ਗ | ਰੇ | ਗ | ਮ | ਪ |
| ਪ੍ਰਭ | ਭऽ | ਜੁऽ | ਕੀऽ | ਸ | ਰਨਿ | ਲਾऽ | ਗ | ਜਗ਼ | ਤ | ਸੁ | ਖ | ਮਾ | ਨੁ | ਮਿਥਿ | ਆ |
| ਮ | ਮ | ਗ | ਮ | ਰੇ | ਗੁ | ਰੇ | ਸ | | | | | | | | |
| ਝੂ | ਠੋ | ਸ | ਭ | ਸਾ | ਜੁ | ਹੈ | ऽ | | | | | | | | |
| X | | | | 2 | | | | 0 | | | | 3 | | | |

(ਬਾਕੀ ਅੰਤਰੇ ਇਸੀ ਪ੍ਰਕਾਰ ਹਨ)

# ਸੰਗੀਤ-ਲਿਪੀ ਚਿੰਨ੍ਹ



ਪ ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮਧੱ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ ।

ਧੁ ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ ।

ਮਂ ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ ।

ਪ਼/ਧ਼ ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ ।

ਸਂ/ਪਂ ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ ।

ਪ— ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ ।

ਸ਼ਾਂ s ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ ।

ਧਪ ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ ।

ਮਪ ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ ।

XO 123 X ਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ ।



# ਮਹੀਨਾ ਫਰਵਰੀ/ਮਾਘ

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥ ਇਛ
ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥ ਮਿਲ
ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥ ਹਰਿ
ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥

## ਗੁਰਪੁਰਬ

| | |
|---|---|
| ਪਾ: ੭ ਅਵਤਾਰ ਧਾਰਿਆ | 20 ਫਰਵਰੀ |

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਈਦੁਲ ਫਿਤਰ | 9 ਫਰਵਰੀ |
| ਬਸੰਤ ਪੰਚਮੀ | 11 ਫਰਵਰੀ |
| ਸ਼ਹੀਦੀ ਸਾਕਾ ਨਨਕਾਣਾ ਸਾਹਿਬ | 21 ਫਰਵਰੀ |
| ਜਨਮ ਭਗਤ ਰਵਿਦਾਸ ਜੀ | 22 ਫਰਵਰੀ |
| ਮੇਲਾ ਗੁਰੂ ਕਾ ਕੋਠਾ (ਅੰਮ੍ਰਿਤਸਰ) | 22 ਫਰਵਰੀ |

### ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਵਿਖੇ ਕੀਰਤਨ ਅਰੰਭ ਅਤੇ ਪੂਰੀ ਸਮਾਪਤੀ ਦੇ ਸਮੇਂ

| ਮਹੀਨਾ | ਅਰੰਭ | ਸਮਾਪਤੀ |
|---|---|---|
| ਜੇਠ ਤੇ ਹਾੜ | ੨ ਵਜੇ ਸਵੇਰੇ | ੧੧ ਵਜੇ ਰਾਤ |
| ਵੈਸਾਖ ਤੇ ਸਾਵਣ | ੨-੧੫ | ੧੦-੪੫ |
| ਚੇਤਰ ਦੇ ਭਾਦਰੋਂ | ੧-੩੦ | ੧੦-੩੦ |
| ਅੱਸੂ ਤੇ ਫਗਣ | ੨-੪੫ | ੧੦-੧੫ |
| ਕੱਤਕ, ਮੱਘਰ, ਪੋਹ ਤੇ ਮਾਘ | ੩-00 | ੧੦-00 |

| | | | | | |
|---|---|---|---|---|---|
| ਸੰਮਤ ਬਿਕ੍ਰਮੀ | 2053 | ਫਰਵਰੀ FEB. 1997 | ਸੰਗਰਾਂਦ | 12 ਫਰਵਰੀ | |
| ਸੰਮਤ ਨਾਨਕਸ਼ਾਹੀ | 528 | | ਪੂਰਨਮਾਸ਼ੀ | 22 ਫਰਵਰੀ | |
| ਸੰਮਤ ਖਾਲਸਾ | 298 | | ਮਸਿਆ | 7 ਫਰਵਰੀ | |
| ਸੰਮਤ ਸ਼ਾਕਾ | 1918 | | ਪੰਚਮੀ | 11 ਫਰਵਰੀ | |

| | | | | | |
|---|---|---|---|---|---|
| ਐਤ SUN | ✷ | 2<br>21 ਮਾਘ<br>ਮਾਘ ਵਦੀ 9 | 9<br>28 ਮਾਘ<br>ਮਾਘ ਸੁਦੀ 2 | 16<br>5 ਫਗਣ<br>ਮਾਘ ਸੁਦੀ 10 | 23<br>12 ਫਗਣ<br>ਫਗਣ ਵਦੀ 1 |
| ਸੋਮ MON | ✷ | 3<br>22 ਮਾਘ<br>ਮਾਘ ਵਦੀ 10 | 10<br>29 ਮਾਘ<br>ਮਾਘ ਸੁਦੀ 3-4 | 17<br>6 ਫਗਣ<br>ਮਾਘ ਸੁਦੀ 11 | 24<br>13 ਫਗਣ<br>ਫਗਣ ਵਦੀ 2 |
| ਮੰਗਲ TUE | ✷ | 4<br>23 ਮਾਘ<br>ਮ: ਵ: 11-12 | 11<br>30 ਮਾਘ<br>ਮਾਘ ਸੁਦੀ 5 | 18<br>7 ਫਗਣ<br>ਮਾਘ ਸੁਦੀ 12 | 25<br>14 ਫਗਣ<br>ਫਗਣ ਵਦੀ 3 |
| ਬੁੱਧ WED | ✷ | 5<br>24 ਮਾਘ<br>ਮਾਘ ਵਦੀ 13 | 12<br>1 ਫਗਣ<br>ਮਾਘ ਸੁਦੀ 6 | 19<br>8 ਫਗਣ<br>ਮਾਘ ਸੁਦੀ 12 | 26<br>15 ਫਗਣ<br>ਫਗਣ ਵਦੀ 4 |
| ਵੀਰ THU | ✷ | 6<br>25 ਮਾਘ<br>ਮਾਘ ਵਦੀ 11 | 13<br>2 ਫਗਣ<br>ਮਾਘ ਸੁਦੀ 7 | 20<br>9 ਫਗਣ<br>ਮਾਘ ਸੁਦੀ 13 | 27<br>16 ਫਗਣ<br>ਫਗਣ ਵਦੀ 5 |
| ਸ਼ੁੱਕਰ FRI | ✷ | 7<br>26 ਮਾਘ<br>ਮਸਿਆ | 14<br>3 ਫਗਣ<br>ਮਾਘ ਸੁਦੀ 8 | 21<br>10 ਫਗਣ<br>ਮਾਘ ਸੁਦੀ 14 | 28<br>17 ਫਗਣ<br>ਫਗਣ ਵਦੀ 6 |
| ਸ਼ਨੀ SAT | 1<br>20 ਮਾਘ<br>ਮਾਘ ਵਦੀ 8 | 8<br>27 ਮਾਘ<br>ਮਾਘ ਸੁਦੀ 1 | 15<br>4 ਫਗਣ<br>ਮਾਘ ਸੁਦੀ 9 | 22<br>11 ਫਗਣ<br>ਪੂਰਨਮਾਸ਼ੀ | ✷ |

ਅਰਥ : ਸਿਆਲੀ ਰੁੱਤ ਦੀ ਕਰੜੀ ਸਰਦੀ ਪਿੱਛੋਂ ਬਹਾਰ ਫਿਰਨ ਤੇ ਫੱਗਣ ਦੇ ਮਹੀਨੇ ਵਿਚ ਲੋਕ ਹੋਲੀਆਂ ਦੇ ਰੰਗ-ਤਮਾਸ਼ਿਆਂ ਦੀ ਰਾਹੀਂ ਖ਼ੁਸ਼ੀਆਂ ਮਨਾਂਦੇ ਹਨ, ਪਰ) ਫੱਗਣ ਵਿਚ (ਉਹਨਾਂ ਜੀਵ-ਇਸਤ੍ਰੀਆਂ ਦੇ ਅੰਦਰ) ਆਤਮਕ ਆਨੰਦ ਪੈਦਾ ਹੁੰਦਾ ਹੈ, ਜਿੰਨ੍ਹਾਂ ਦੇ ਹਿਰਦੇ ਵਿੱਚ ਸੱਜਣ-ਹਰੀ ਪਰਤੱਖ ਆ ਵੱਸਦਾ ਹੈ, ਪਰਮਾਤਮਾ ਨਾਲ ਮਿਲਣ ਵਿਚ ਸਹਾਇਤਾ ਕਰਨ ਵਾਲੇ ਸੰਤ ਜਨ ਮਿਹਰ ਕਰ ਕੇ ਉਹਨਾਂ ਨੂੰ ਪ੍ਰਭੂ ਨਾਲ ਜੋੜ ਦੇਂਦੇ ਹਨ, ਉਹਨਾਂ ਦੀ ਹਿਰਦਾ-ਸੇਜ ਸੁੰਦਰ ਬਣ ਜਾਂਦੀ ਹੈ, ਉਹਨਾਂ ਨੂੰ ਸਾਰੇ ਹੀ ਸੁਖ ਪ੍ਰਾਪਤ ਹੋ ਜਾਂਦੇ ਹਨ, ਫਿਰ ਦੁੱਖਾਂ ਲਈ (ਉਹਨਾਂ ਦੇ ਹਿਰਦੇ ਵਿਚ) ਕਿਤੇ ਰਤਾ ਥਾਂ ਨਹੀਂ ਰਹਿ ਜਾਂਦੀ ਉਹਨਾਂ ਨੂੰ ਹਰੀ-ਪ੍ਰਭੂ ਖਸਮ ਮਿਲ ਪੈਂਦਾ ਹੈ, ਉਹ ਸਤ-ਸੰਗੀ ਸਹੇਲੀਆਂ ਨਾਲ ਰਲ ਕੇ ਗੋਵਿੰਦ ਦੀ ਸਿਫਤਿ-ਸਾਲਾਹ ਦੇ ਗੀਤ ਆਲਾਪ ਕੇ ਆਤਮਕ ਆਨੰਦ ਪੈਦਾ ਕਰਨ ਵਾਲੀ ਗੁਰਬਾਣੀ ਗਾਂਦੀਆਂ ਹਨ। ਪਰਮਾਤਮਾ ਵਰਗਾ ਕੋਈ ਹਰ, ਉਸ ਦੀ ਬਰਾਬਰੀ ਕਰ ਸਕਣ ਵਾਲਾ ਕੋਈ ਦੂਜਾ ਉਹਨਾਂ ਨੂੰ ਕਿਤੇ ਦਿੱਸਦਾ ਹੀ ਨਹੀਂ।

ਉਸ ਪਰਮਾਤਮਾ ਨੇ (ਉਹਨਾਂ ਸਤ-ਸੰਗੀਆਂ ਦਾ) ਲੋਕ ਪਰਲੋਕ ਸਵਾਰ ਦਿੱਤਾ ਹੈ, ਉਹਨਾਂ ਨੂੰ (ਆਪਣੇ ਚਰਨਾਂ ਵਿਚ ਲਿਵ-ਲੀਨਤਾ ਵਾਲੀ) ਐਸੀ ਥਾਂ ਬਖ਼ਸ਼ੀ ਹੈ ਜੋ ਕਦੇ ਡੋਲਦੀ ਹੀ ਨਹੀਂ। ਪ੍ਰਭੂ ਨੇ ਸੰਸਾਰ-ਸਮੁੰਦਰ ਤੋਂ ਉਹਨਾਂ ਨੂੰ (ਹੱਥ ਦੇ ਕੇ) ਰੱਖ ਲਿਆ ਹੈ, ਜਨਮਾਂ ਦੇ ਗੇੜ ਵਿਚ ਮੁੜ ਉਹਨਾਂ ਦੌੜ-ਭੱਜ ਨਹੀਂ ਹੁੰਦੀ।

ਹੇ ਨਾਨਕ। (ਆਖ-) ਸਾਡੀ ਇੱਕ ਜੀਭ ਹੈ, ਪ੍ਰਭੂ ਦੇ ਅਨੇਕਾਂ ਹੀ ਗੁਣ ਹਨ (ਅਸੀਂ ਉਹਨਾਂ ਨੂੰ ਬਿਆਨ ਕਰਨ ਜੋਗੇ ਨਹੀਂ ਹਾਂ,ਪਰ) ਜਿਹੜੇ ਜੀਵ ਉਸ ਦੀ ਚਰਨੀਂ ਪੈਂਦੇ ਹਨ (ਉਸ ਦਾ ਆਸਰਾ ਤੱਕਦੇ ਹਨ) ਉਹ (ਸੰਸਾਰ-ਸਮੁੰਦਰ ਤੋਂ) ਤਰ ਜਾਂਦੇ ਹਨ।

ਫੱਗਣ ਦੇ ਮਹੀਨੇ ਵਿਚ (ਹੋਲੀਆਂ ਆਦਿਕ ਵਿਚੋਂ ਅਨੰਦ ਲੱਭਣ ਦੇ ਥਾਂ) ਸਦਾ ਉਸ ਪਰਮਾਤਮਾ ਦੀ ਸਿਫਤਿ-ਸਾਲਾਹ ਕਰਨੀ ਚਾਹੀਦੀ ਹੈ, ਜਿਸ ਨੂੰ (ਆਪਣੀ ਵਡਿਆਈ ਕਰਾਣ ਦਾ) ਰਤਾ ਭਰ ਭੀ ਲਾਲਚ ਨਹੀਂ। (ਇਸ ਵਿਚ ਸਾਡਾ ਹੀ ਭਲਾ ਹੈ) ।੧੩।

*ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ*

## ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦਾ ਕੀਰਤਨ ਪ੍ਰੋਗਰਾਮ

22 ਫਰਵਰੀ 1997

ਰਾਤ 11 ਤੋਂ 12 ਕੀਰਤਨ ਦਰਬਾਰ — ਅਨਾਜ ਮੰਡੀ, ਕੁਰੂਕਸ਼ੇਤਰ ਹਰਿਆਣਾ

9 ਮਾਰਚ 1997

ਸਵੇਰੇ 7 ਤੋਂ 8 ਵਜੇ
ਸ਼ਾਮ 3 ਤੋਂ 4 ਵਜੇ — ਗੁਰੂ ਫਾਰਮ, ਸੈਣੀ ਮਾਜਰਾ
ਤਹਿ. ਨਾਲਾਗੜ੍ਹ, ਜ਼ਿਲਾ ਸੋਲਨ

23 ਮਾਰਚ 1997

ਸਵੇਰੇ 10 ਤੋਂ 12 ਵਜੇ — ਈ-9, ਰਾਜੌਰੀ ਗਾਰਡਨ, ਨਵੀ ਦਿੱਲੀ

13 ਅਪ੍ਰੈਲ 1997

ਵਿਸਾਖੀ ਕੀਰਤਨ — ਗੁਰਦੁਆਰਾ ਸਾਹਿਬ
ਟੀ.ਟੀ. ਨਗਰ ਭੋਪਾਲ, ਮੱਧ ਪ੍ਰਦੇਸ਼

---

ਨੋਟ : ਰਾਗੀਂ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਹੇਠ ਲਿਖੇ ਸਥਾਨਾਂ ਤੋਂ ਮਿਲ ਸਕਦੀਆਂ ਹਨ ।


| | |
|---|---|
| **ਅੰਮ੍ਰਿਤ ਵਰਖਾ**<br>7/1, ਵੈਸਟ ਪੰਟੇਲ ਨਗਰ,<br>ਨਵੀਂ ਦਿੱਲੀ<br>ਫੋਨ : 5742058 | **MATTA AUDIO VIDEO**<br>Whole Salers : Audio Cassettes<br>& Video Movie Makers<br>CABIN NO. 1-A, 1ST FLOOR, S.C.O. 1010-11,<br>SECTOR 22-B, CHANDIGARH<br>PHONES : (O) 771688, (R) 675004<br>PAGER: 9610-6039 |
| **ਅੰਮ੍ਰਿਤ ਕੀਰਤਨ ਟ੍ਰਸਟ**<br>422, ਸੈਕਟਰ 15-A<br>ਚੰਡੀਗੜ੍ਹ-160015<br>ਫੋਨ-722660 | **Pal Radios**<br>Shop No. 53,<br>Badheri, Chandigarh (U.T.) |
| **Amar Onkar Electrical**<br>S.C.F. 11, Sector 11-D,<br>Chadigarh<br>Phone : 541827 | **S. Amarjit Shah Singh**<br>31, West Minister Road<br>Leaming -W.A. Australia<br>ਫੋਨ-061-9-332-6102 |



-ਡਾ. ਜਾਗੀਰ ਸਿੰਘ ਪ੍ਰਧਾਨ ਅੰਮ੍ਰਿਤ ਕੀਰਤਨ ਟਰੱਸਟ ਨੇ ਡੀ.ਬੀ. ਪ੍ਰਿੰਟਰਜ਼ S.C.O. 59, ਫੇਸ 3-ਬੀ-2,ਮੋਹਾਲੀ ਫੋਨ 675808 ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ।

Regd. NO. PB/CH-155
RNI Regd No. 46788/89

**BOOK POST**
(Printed Matter)

To

*If undelivered please return to*

**AMRIT KIRTAN TRUST (Regd.)**
422, Sector 15-A, Chandigarh-160 015
Phone : 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 2 ਸਾਲ ਨੌਵਾਂ ਫਰਵਰੀ 1997

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ । ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ । ਆਪ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ ।